SAINI BHAWAN RUPNAGAR PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

45
July - Sep. 2022

*Dreams transform into thoughts and thoughts result in action*

-Dr. A.P.J. Abdul Kalam



## ਅੰਦਰ ਪੜ੍ਹੋ

- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਗਿਆਨ ਵਿਗਿਆਨ
- ਸਿਹਤਮੰਦ ਸਾਹਿਤਕ ਰਚਨਾਵਾਂ
- ਨਰੋਈ ਜੀਵਨ ਜਾਚ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ

Volume - XII, Issue - III

# Saini Sansar
(Quarterly)

July - September 2022

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

FOUNDER
**Late Sh. L.R. Mundra**
Asstt. Police Commissioner (Delhi) (Retd.)

CHIEF EDITOR
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

MANAGER (Accounts)
**S. Rajinder Singh**
Supdtt. Secretriate (Retd.)
Ph. : 94646-49922

MANAGER (Circulation)
**S. Jagdev Singh**
J.E. PSPCL (Retd.)
Ph. : 98883-96364

EDITORIAL BOARD

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

ADVISORS :

India : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

Australia : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

U.S.A. : **Dr. Manavpreet Kaur** Professor (English)
# 10936, Brighton Lane, Frisco, Tx-75033 (USA)

U.K. : **Sh. Tarsem Singh Saini**
# 14, Forest Road, Cambridge-CB1 9JB (U.K.)

Canada : **Dr. D.P. Singh**
# 2516, Pollard, Drive Mississauga, Ontario, Canada-LSC3HI

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.07.2022**

# ਸੈਣੀ ਸੰਸਾਰ

ਜਿਲਦ 12, ਅੰਕ 3
(ਤਿਮਾਹੀ)
ਜੁਲਾਈ - ਸਤੰਬਰ 2022

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

**ਸਰਟੀਫਿਕੇਟਸ**
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

**ਮੁੱਖ ਪੰਨੇ 'ਤੇ ਫੋਟੋ : ਪੁਰਾਤਨ ਸਭਿਅਤਾ ਨੂੰ ਪ੍ਰਗਟਾਉਂਦਾ ਆਈ.ਆਈ. ਟੀ. ਰੋਪੜ ਦਾ ਮੁੱਖ ਦੁਆਰ।**

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਨੁਕਸਦਾਰ ਮੌਜੂਦਾ ਭਾਰਤੀ ਸਿੱਖਿਆ ਪ੍ਰਣਾਲੀ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਕਹਾਣੀ - ਕੱਖੋਂ ਹੋਲੀ | 8-10 |
| ਸੈਣੀ ਸਮਾਚਾਰ | 10 |
| ਸਫ਼ਲ ਸੈਣੀ ਸਖ਼ਸ਼ੀਅਤਾਂ | 11 |
| ਹੁਣ ਨਹੀਂ ਵਸਦਾ ਪਿੰਡਾਂ ਵਿੱਚ ਰੱਬ | 12-13 |
| Donors | 13 |
| ਧੱੜਲੇਦਾਰ ਸੈਣੀ ਸਖ਼ਸ਼ੀਅਤ - ਚੌਧਰੀ ਬਲਬੀਰ ਸਿੰਘ | 14-16 |
| ਮਹਾਰਾਜਾ ਰਣਜੀਤ ਸਿੰਘ ਦਾ ਪਰਿਵਾਰ | 17-18 |
| ਬੇਦੀ ਵੰਸ਼ ਅਤੇ ਪੰਜਾਬ | 19-20 |
| ਵਕਤ ਤੇ ਛੱਡੋ ਕੁੱਝ ਗੱਲਾਂ | 21 |
| ਕੁਦਰਤ ਦੇ ਸੁਹੱਪਣ ਦੀ ਸਿਖ਼ਰ - ਸਾਂਗਲਾ ਵੈਲੀ | 22-23 |
| ਧਰਤੀ ਦੀ ਵੇਦਨਾ | 24-25 |
| ਪੰਜਾਬ ਸਰਕਾਰ ਸਾਹਮਣੇ ਆਰਥਿਕ ਚੁਣੌਤੀਆਂ | 26-27 |
| New Five Years Members of Saini Sansar | 28 |
| ਵਿਸ਼ਵ ਪ੍ਰਸਿੱਧ ਸੈਣੀ ਗਾਇਕ ਕਲਾਕਾਰ ਦਾ ਵਿਛੋੜਾ | 29 |
| ਹੱਬਲ ਦੀ ਉਤਰਾਧਿਕਾਰੀ ਜੇਮਸ ਵੈਬ ਦੂਰਬੀਨ | 30-31 |
| ਵਗਦੇ ਪਾਣੀਆਂ ਜਿਹੀ ਹੋਵੇ ਜ਼ਿੰਦਗੀ | 32-33 |
| Preparation of pleasing campus for learning | 34 |
| ਕਵਿਤਾਵਾਂ | 35 |
| ਫਾਹੂ ਸੋਚ ਤੋਂ ਛੁਟਕਾਰਾ | 36-37 |
| Matrimonials | 38-43 |
| Performas for matrimonial and life membership | 44 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : | 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : | 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : | 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : | 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਨੁਕਸਦਾਰ ਮੌਜੂਦਾ ਭਾਰਤੀ ਸਿੱਖਿਆ ਪ੍ਰਣਾਲੀ

ਅਜਮੇਰ ਸਿੰਘ (ਡਾ.)
ਰੂਪਨਗਰ



ਸਿੱਖਿਆ ਦਾ ਮੂਲ ਉਦੇਸ਼ ਮਨੁੱਖ ਵਿੱਚ ਮਾਨਵੀ ਸ਼ੁਭ ਗੁਣਾ ਦੀ ਉਤਪਤੀ ਹੁੰਦਾ ਹੈ। ਵਰਤਮਾਨ ਭਾਰਤੀ ਸਿੱਖਿਆ ਪ੍ਰਣਾਲੀ ਇਸ ਪੱਖੋਂ ਵਿਫਲ ਹੋ ਰਹੀ ਹੈ। ਇਸ ਵਿੱਚ ਨੈਤਿਕਤਾ ਅਤੇ ਸੰਵੇਦਨਸ਼ੀਲਤਾ ਦੇ ਗੁਣਾ ਦੀ ਘਾਟ ਹੈ। ਹਰ ਰੋਜ਼ ਅਖ਼ਬਾਰਾਂ ਵਿੱਚ ਪੜ੍ਹਿਆਂ-ਲਿਖਿਆਂ ਦੀ ਬੇਰਹਿਮੀ ਤੇ ਭ੍ਰਿਸ਼ਟਾਚਾਰ ਦੀਆਂ ਛਪਦੀਆਂ ਖਬਰਾਂ ਇਸ ਦੀਆਂ ਪ੍ਰਤੱਖ ਮਿਸਾਲਾਂ ਹਨ

ਸਾਲ 2022 ਵਿੱਚ ਅਪ੍ਰੈਲ ਮਹੀਨੇ ਦੇ ਦੂਜੇ ਹਫ਼ਤੇ ਵਿੱਚ ਇਕ ਸਨਸਨੀਖੇਜ਼ ਖ਼ਬਰ ਛਪੀ ਕਿ ਰੋਪੜ ਸ਼ਹਿਰ ਦੇ ਇੱਕ ਘਰ ਵਿੱਚੋਂ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਵੀ ਪਤਾ ਲੱਗਾ ਕਿ ਪਰਿਵਾਰ ਦਾ ਨੌਜਵਾਨ ਪੜ੍ਹਿਆ-ਲਿਖਿਆ ਬੇਟਾ ਗਾਇਬ ਹੈ। ਪੁਲਿਸ ਦੀ ਮੁਢਲੀ ਜਾਂਚ-ਪੜਤਾਲ ਤੋਂ ਸ਼ੱਕ ਪੈਣ ਲੱਗਾ ਕਿ ਇਸ ਘਨੌਣੇ ਕਤਲ ਦੇ ਸ਼ਿਕਾਰ ਹੋਏ ਵਿਅਕਤੀ, ਨੌਜਵਾਨ ਦੇ ਸੇਵਾਮੁਕਤ ਅਧਿਆਪਕ ਪਿਤਾ, ਮਾਤਾ ਅਤੇ ਸਰਕਾਰੀ ਨੌਕਰੀ ਕਰਦੀ ਡਾਕਟਰ ਭੈਣ ਹੈ। ਇਸ ਨੌਜਵਾਨ ਦੀਆਂ ਹਫਤੇ ਕੁ ਦੀਆਂ ਗਤੀਵਿਧੀਆਂ ਦੀ ਘੋਖ ਕਰਨ 'ਤੇ ਸਾਹਮਣੇ ਆਇਆ ਕਿ ਉਸ ਨੇ ਹੀ ਆਪਣੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਪੂਰੇ ਯੋਜਨਾਬੱਧ ਢੰਗ ਨਾਲ ਕੀਤੀ ਸੀ। ਆਂਢ-ਗੁਆਂਢ ਨਾਲ ਗੱਲਬਾਤ ਕਰਨ ਅਤੇ ਘਰ ਵਿੱਚੋਂ ਮਿਲੀਆਂ ਦਵਾਈਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਹ ਨੌਜਵਾਨ ਭਰਪੂਰ ਕੋਚਿੰਗ ਲੈਣ ਅਤੇ ਮਿਹਨਤ ਕਰਨ ਦੇ ਬਾਵਜੂਦ ਆਪਣੇ ਮਾਂਬਾਪ ਦੀ ਇੱਛਾ ਅਨੁਸਾਰ ਐਮ.ਬੀ.ਬੀ.ਐਸ ਵਿੱਚ ਦਾਖਲਾ ਨਹੀਂ ਲੈ ਸਕਿਆ ਸੀ ਜਿਸ ਕਾਰਨ ਘਰ ਵਿੱਚ ਕਲੇਸ਼ ਰਹਿਣ ਕਰ ਕੇ ਇਹ ਨੌਜਵਾਨ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ। ਉਹ ਮਾਂਬਾਪ ਵਲੋਂ ਉਸ ਦੀ ਤੁਲਨਾ ਡਾਕਟਰ ਭੈਣ ਨਾਲ ਕਰਨ 'ਤੇ ਦੁਖੀ ਸੀ। ਇਸ ਕਾਰਨ ਉਹ ਭੈਣ ਨਾਲ ਵੀ ਈਰਖਾ ਕਰਨ ਲਗ ਪਿਆ। ਇਸ ਅਤਿ ਦੀ ਮਾਨਸਿਕ ਜ਼ਹਿਰ ਨੂੰ ਉਸ ਨੇ ਮਾਂਬਾਪ ਤੇ ਭੈਣ ਦੇ ਬੇਰਹਿਮ ਕਤਲ ਦੇ ਰੂਪ ਵਿੱਚ ਉਗਲ ਦਿੱਤਾ। ਇਸ ਪ੍ਰਕਾਰ ਇਸ ਦਿਲ-ਕੰਬਾਊ ਕਤਲ ਦਾ ਕਾਰਨ ਨੁਕਸਦਾਰ ਸਿੱਖਿਆ ਪ੍ਰਣਾਲੀ ਹੀ ਬਣੀ ਜਿਸ ਨੇ ਪਰਿਵਾਰਕ ਮੈਂਬਰਾਂ ਵਿੱਚ ਨਰੋਈਆਂ ਮਨੁੱਖੀ ਕਦਰਾਂ-ਕੀਮਤਾਂ ਪੈਦਾ ਨਹੀਂ ਕੀਤੀਆਂ।

ਉਕਤ ਮੰਦਭਾਗੀ ਘਟਨਾ ਤੋਂ ਮਹੀਨੇ ਕੁ ਬਾਅਦ ਖਬਰ ਆਈ ਕਿ ਇੱਕ ਸੀਨੀਅਰ ਆਈ.ਏ.ਐਸ.ਅਫਸਰ ਨੇ ਮਗਨਰੇਗਾ ਫੰਡਾਂ ਵਿੱਚ ਕਰੋੜਾਂ ਰੁਪਏ ਦੀ ਹੇਰਾਫੇਰੀ ਕੀਤੀ ਹੈ। ਇਸ ਸਬੰਧ ਵਿੱਚ ਅਧਿਕਾਰੀ ਦੇ ਅਕਾਊਂਟੈਂਟ ਦੇ ਘਰ ਤੋਂ 19.31 ਕਰੋੜ ਰੁਪਏ ਬਰਾਮਦ ਹੋਏ ਹਨ। ਅਸਲ ਵਿੱਚ 2008 ਤੋਂ 2011 ਦੌਰਾਨ ਝਾਰਖੰਡ ਦੇ ਖੁੰਟੀ ਜ਼ਿਲ੍ਹੇ ਦੇ ਇੱਕ ਬਲਾਕ ਵਿੱਚ ਮਗਨਰੇਗਾ ਦੇ ਪ੍ਰਾਜੈਕਟ ਤਿਆਰ ਕਰਨ ਵਾਲੇ ਇਕ ਜੇ.ਈ ਨੇ ਆਪਣੇ ਉੱਪਰਲੇ ਅਧਿਕਾਰੀਆਂ ਦੇ ਆਸ਼ੀਰਵਾਦ ਨਾਲ ਆਪਣੇ ਅਤੇ ਰਿਸ਼ਤੇਦਾਰਾਂ ਦੇ ਨਾਮ 'ਤੇ ਕਰੋੜਾਂ ਰੁਪਏ ਜਮ੍ਹਾਂ ਕਰਵਾਏ, ਸਾਹਮਣੇ ਆਏ ਹਨ। ਮਗਨਰੇਗਾ ਸਕੀਮ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਵਾਸਤੇ ਸ਼ੁਰੂ ਕੀਤਾ ਗਿਆ ਵੱਡਾ ਉਪਰਾਲਾ ਹੈ। ਇਹ ਦਿਹਾਤੀ ਖੇਤਰ ਦੇ ਉਨ੍ਹਾਂ ਲੋਕਾਂ ਲਈ ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਹੈ ਜਿਨ੍ਹਾਂ ਦੇ ਚੁਲ੍ਹੇ ਬਲਣਾ ਵੀ ਮੁਸ਼ਕਿਲ ਹੈ। ਉਨ੍ਹਾਂ ਲਈ ਰੱਖੇ ਪੈਸੇ ਵਿੱਚੋਂ ਵੀ ਜੇਕਰ ਉੱਚ-ਅਧਿਕਾਰੀ, ਕਰਮਚਾਰੀ ਅਤੇ ਸਿਆਸਤਦਾਨਾਂ ਦਾ ਗੱਠਜੋੜ ਕੁੱਝ ਹਜ਼ਮ ਕਰਦਾ ਹੈ ਤਾਂ ਇਨਸਾਨੀਅਤ ਪੂਰੀ ਤਰ੍ਹਾਂ ਗੁਆਚ ਗਈ ਜਾਪਦੀ ਹੈ। ਇਸ ਸਮੇਂ ਜਦੋਂ ਸਰਕਾਰੀ ਨੌਕਰੀ ਵਿੱਚ ਜ਼ਿੰਦਗੀ ਭਰ ਲਈ ਵਿਤੀ ਸਹੂਲਤਾਂ ਹਨ ਤਾਂ ਇਸ ਦੇ ਬਾਵਜੂਦ ਭ੍ਰਿਸ਼ਟਾਚਾਰ ਦੀ ਮਾਨਸਿਕਤਾ ਸ਼ਰਮਨਾਕ ਹੈ। ਅਜਿਹੀਆਂ ਕਿੰਨੀਆਂ ਹੀ ਖ਼ਬਰਾਂ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਇਸ ਦਾ ਭਾਵ ਹੈ ਕਿ ਮੌਜੂਦਾ ਸਿੱਖਿਆ ਨੇ ਵਿਅਕਤੀ ਨੂੰ ਸੰਵੇਦਨਸ਼ੀਲ ਤੇ ਹਮਦਰਦ ਬਣਾਉਣ ਦੀ ਬਜਾਏ ਖ਼ੁਦਗਰਜ਼ ਅਤੇ ਲਾਲਚੀ ਬਣਾਇਆ ਹੈ। ਉਹ ਹਰ ਹੀਲੇ ਪੈਸੇ ਦੇ ਅੰਬਾਰ ਲਗਾਉਣ ਵਿੱਚ ਲੱਗਾ ਹੋਇਆ ਹੈ ਇਸ ਨਾਲ ਭਾਵੇਂ ਇਨਸਾਨੀਅਤ ਦਾ ਕਤਲ ਹੋਵੇ।

ਇਨ੍ਹਾਂ ਦੋਵੇਂ ਘਟਨਾਵਾਂ ਤੋਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਸਾਡੀ ਸਿੱਖਿਆ ਨੀਤੀ ਨੇ ਵਿਅਕਤੀ ਨੂੰ ਇੰਨਾ ਸਵਾਰਥੀ ਤੇ ਜ਼ਾਲਮ ਬਣਾ ਦਿੱਤਾ ਹੈ ਕਿ ਉਹ ਕਮਾਊ ਨੌਕਰੀ ਲੈਣ ਲਈ ਮਨਚਾਹੇ ਕਿੱਤਾ ਕੋਰਸ ਵਿੱਚ ਦਾਖਲਾ ਲੈਣ ਤੋਂ ਖੁੰਝ ਜਾਣ 'ਤੇ ਆਪਣੇ ਸਕਿਆਂ-ਸਬੰਧੀਆਂ ਦਾ ਕਤਲ ਕਰ ਸਕਦਾ ਹੈ ਅਤੇ ਮੌਕਾ ਤੇ ਸ਼ਕਤੀ ਮਿਲਣ 'ਤੇ ਗਰੀਬ-ਲਾਚਾਰ ਦੇ ਮੂੰਹ 'ਚੋਂ ਰੋਟੀ ਖੋਹਣ ਤੋਂ ਵੀ ਗੁਰੇਜ਼ ਨਹੀਂ ਕਰਦਾ।

ਸਾਡਾ ਪੜ੍ਹਿਆ-ਲਿਖਿਆ ਸਮਾਜ ਵੀ ਇਮਤਿਹਾਨਾਂ ਵਿੱਚ ਮੋਹਰੀ ਰਹਿਣ ਵਾਲੇ ਟੌਪਰਾਂ ਦੀਆਂ ਕਹਾਣੀਆਂ ਦੇ ਕਸੀਦੇ ਪੜ੍ਹਦਾ ਹੈ ਅਤੇ ਇਸ ਦੌੜ ਵਿੱਚ ਪਿੱਛੇ ਰਹਿ ਗਏ ਵਿਦਿਆਰਥੀਆਂ ਨੂੰ ਭੰਡਦਾ ਹੈ। ਕੀ ਸਾਡੇ ਨੌਜਵਾਨਾਂ ਦੀ ਇਹੋ ਹੋਣੀ ਹੈ? ਚੰਗੇ ਮਾਪੇ ਵੀ ਉਨ੍ਹਾਂ ਨੂੰ ਹੀ ਸਮਝਿਆ ਜਾਂਦਾ ਹੈ ਜਿਹੜੇ ਆਪਣੇ ਬੱਚਿਆਂ ਨੂੰ ਮਨਚਾਹੇ ਕੋਰਸਾਂ ਵਿੱਚ ਦਾਖਲੇ ਦੁਆਉਣ ਲਈ ਕੋਚਿੰਗ 'ਤੇ ਪਾਣੀ ਵਾਂਗ ਪੈਸਾ ਵਹਾਉਂਦੇ ਹਨ। ਕੀ ਇਸੇ ਦਾ ਅਰਥ ਵਧੀਆ ਪੜ੍ਹਿਆ-ਲਿਖਿਆ ਹੋਣਾ ਹੈ ਕਿ ਸਭ ਕਾਸੇ ਨੂੰ ਸਮੇਤ ਇਨਸਾਨੀ ਰਿਸ਼ਤਿਆਂ ਨੂੰ ਵੀ ਨਫ਼ੇ ਤੇ ਨੁਕਸਾਨ ਦੀਆਂ ਗਿਣਤੀਆਂ-ਮਿਣਤੀਆਂ ਦੇ ਤਰਕ ਨਾਲ ਦੇਖਿਆ-ਘੋਖਿਆ ਜਾਵੇ। ਅਰਥਪੂਰਨ ਤੇ ਵਧੀਆ ਸਿੱਖਿਆ ਦਾ ਮਤਲਬ ਮਹਿਜ਼ ਇਮਤਿਹਾਨ ਜਾਂ

ਮਿਆਰੀਕ੍ਰਿਤ ਟੈਸਟ ਹੀ ਨਹੀ ਹਨ, ਨਾ ਹੀ ਇਹ ਕਿਸੇ ਦੌੜ ਜਾਂ ਮੁਕਾਬਲਾ ਜਿੱਤ ਲੈਣ ਦੀ ਰਣਨੀਤੀ ਹੈ। ਇਹ ਦੁਨੀਆਂ ਨੂੰ ਸਮਝਣ ਦੀ ਇੱਕ ਅੰਤਹੀਣ ਕੋਸ਼ਿਸ਼ ਹੈ। ਸਿੱਖਿਆ ਦਾ ਉਦੇਸ਼ ਮਨੁੱਖ ਵਿਚਲੀ ਆਲੋਚਨਿਕ ਚੇਤਨਾ ਨੂੰ ਉਭਾਰਨਾ ਹੈ ਤਾਂ ਕਿ ਉਹ ਆਪਣੀ ਮੁਹਾਰਤ ਵਾਲੇ ਹੁਨਰਾਂ ਦਾ ਇਸਤੇਮਾਲ ਕਰਨ ਦੇ ਯੋਗ ਹੋ ਸਕੇ। ਸਿੱਖਿਆ ਸਾਨੂੰ ਹਮਦਰਦ ਤੇ ਸੰਵੇਦਨਸ਼ੀਲ ਬਣਾਉਂਦੀ ਹੈ।

ਸਾਡੇ ਸਿੱਖਿਆ ਦੇ ਮੌਜੂਦਾ ਤੌਰ-ਤਰੀਕੇ ਇੱਕ ਤਰ੍ਹਾਂ ਦੀ ਹਿੰਸਾ ਤੋਂ ਵੱਧ ਹੋਰ ਕੁੱਝ ਨਹੀਂ। ਇਸ ਰਾਹੀਂ ਉਤਪਾਦ ਬਣਾਏ ਜਾਂਦੇ ਹਨ ਨਾ ਕਿ ਤਰਸਭਰੇ ਇਨਸਾਨ। ਇਹ ਖ਼ੁਦਗਰਜ਼ੀ ਤੇ ਮੁਕਾਬਲੇਬਾਜ਼ੀ ਨੂੰ ਹੱਲਾਸ਼ੇਰੀ ਦਿੰਦੇ ਹਨ ਨਾਕਿ ਰਲਮਿਲ ਕੇ ਰਹਿਣ ਨੂੰ। ਸਾਡੇ ਬਹੁਤ ਸਾਰੇ ਨੌਜਵਾਨ ਨਾਕਾਮਯਾਬੀ ਦੇ ਦਾਗ ਅਤੇ ਅਰਥਹੀਣਤਾ ਦੀ ਭਾਵਨਾ ਨਾਲ ਜਿਉਣ ਲਈ ਮਜ਼ਬੂਰ ਹੁੰਦੇ ਹਨ। ਅਜਿਹੇ ਨੌਜਵਾਨ ਹਤਾਸ਼ ਹੋ ਕੇ ਸਾਰੀਆਂ ਇਨਸਾਨੀ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੰਦੇ ਹਨ। ਸਾਡੇ ਬੱਚਿਆਂ ਨੂੰ ਅਜਿਹੀ ਸੋਚ ਦੀ ਲੋੜ ਹੈ ਜਿਹੜੀ ਟੈਕਨੋਫਾਸ਼ੀਵਾਦ, ਫ਼ੌਜਪ੍ਰਸਤ ਰਾਸ਼ਟਰਵਾਦ ਅਤੇ ਬਾਜ਼ਾਰਮੁਖੀ ਖ਼ਪਤਕਾਰਵਾਦ ਤੋਂ ਆਜ਼ਾਦ ਹੋਵੇ। ਇਸ ਖਪਤਕਾਰਵਾਦੀ ਸਿੱਖਿਆ ਨੇ ਮਨੁੱਖ ਨੂੰ ਹੈਵਾਨ ਦੀ ਪੱਧਰ ਤੱਕ ਲਾਲਚੀ ਤੇ ਜ਼ਾਲਮ ਬਣਾ ਦਿੱਤਾ ਹੈ। ਸਾਨੂੰ ਅਜਿਹੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਹਾਲੇ ਤੱਕ ਆਪਣੀ ਰਚਨਾਤਮਕਤਾ ਨਹੀਂ ਗਵਾਈ ਅਤੇ ਨਾਲ ਹੀ ਸਾਨੂੰ ਕੋਚਿੰਗ ਸੈਂਟਰਾਂ ਦੇ ਹਮਲੇ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਸਾਨੂੰ ਅਜਿਹੇ ਮਾਪਿਆਂ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਜਿਹੜੇ ਇਸ ਹਾਲਾਤ ਵਿੱਚ ਖੁਦ ਨੂੰ ਹਾਸ਼ੀਏ 'ਤੇ ਧੱਕ ਦਿੱਤੇ ਗਏ ਮਹਿਸੂਸ ਕਰਦੇ ਹਨ। ਉਹ ਆਪਣੇ ਬੱਚੇ ਨੂੰ ਰਉ ਤੇ ਲੈਅ ਵਿੱਚ ਜਿਉਣ ਦੇ ਯੋਗ, ਬੌਧਿਕ ਜਿਗਿਆਸਾ ਤੇ ਰਚਨਾਤਮਕ ਤਜ਼ੁਰਬਿਆਂ ਵਾਲੇ ਸਿੱਖਣ ਦੇ ਸੱਭਿਆਚਾਰ ਦਾ ਜਸ਼ਨ ਮਨਾਉਣ ਵਾਲੇ ਬਣਾਉਣਾ ਲੋਚਦੇ ਹਨ।

ਸਿੱਖਿਆ ਨੂੰ ਇਸ ਢਾਂਚੇ ਤੋਂ ਆਜ਼ਾਦੀ ਦਿਵਾਏ ਬਗੈਰ ਇਨਸਾਨੀਅਤ ਲਈ ਕੋਈ ਉਮੀਦ ਨਹੀ ਬਚਦੀ। ਆਉ ਅਸੀਂ ਅਜਿਹੀ ਸਿੱਖਿਆ ਪ੍ਰਣਾਲੀ ਦੀ ਤਾਂਘ ਕਰੀਏ ਜਿਹੜੀ ਸਿੱਖਿਆਰਥੀਆਂ ਵਿੱਚ ਕਲਿਆਣਕਾਰੀ, ਹਮਦਰਦ, ਸਹਿਨਸ਼ੀਲ ਤੇ ਮੇਲਜੋਲ ਦੀਆਂ ਭਾਵਨਾਵਾਂ ਨੂੰ ਪ੍ਰਫੁੱਲਤ ਕਰੇ। ਸਾਡੇ ਗੁਰੂ ਜੀ ਦਾ ਵੀ ਉਪਦੇਸ਼ ਹੈ-

ਵਿਦਿਆ ਵੀਚਾਰੀ ਤਾ ਪਰਉਪਕਾਰੀ

❋ ❋ ❋ ❋ ❋

"ਹਰ ਮਨੁੱਖ ਦੇ ਗਿਆਨ ਦੀ ਇੱਕ ਸੀਮਾਂ ਹੁੰਦੀ ਹੈ
ਜਦੋਂਕਿ ਅਗਿਆਨਤਾ ਅਸੀਮ।
ਗਿਆਤ ਤੋਂ ਅਗਿਆਤ ਦਾ ਸਫ਼ਰ ਹੀ ਜ਼ਿੰਦਗੀ ਹੈ"।

## ਮਾਂ ਦਿਵਸ, 8 ਮਈ 'ਤੇ



### ਭਗਵਾਨ ਮਾਂ

ਮਾਂ ਤੂੰ ਮੁਕੱਦਸ ਹੈਂ
ਸਾਫ਼ ਕਰਦੀ, ਮਾਫ਼ ਕਰਦੀ
ਦਿਲ ਦੇ ਨਾਲ ਇਨਸਾਫ਼ ਕਰਦੀ।
ਘੱਟ ਕਹਿੰਦੀ, ਜ਼ਿਆਦਾ ਸਹਿੰਦੀ
ਥੋੜ੍ਹਾ ਬੋਲਦੀ, ਵੱਧ ਤੋਲਦੀ।
ਜਿੱਥੇ ਕਿਤੇ ਵੀ ਵਾਸ ਕਰਦੀ
ਮੇਰੇ ਲਈ ਅਰਦਾਸ ਕਰਦੀ।
ਮਜ਼ਦੂਰ ਵੀ ਹੈਂ, ਮਜ਼ਬੂਰ ਵੀ
ਪਰ ਸਭ ਤੋਂ ਉੱਚਾ ਇਨਸਾਨ ਮਾਂ
ਮੇਰੇ ਘਰ ਵਿੱਚ ਭਗਵਾਨ ਮਾਂ।

❋ ❋ ❋ ❋ ❋

## New Life Members of Saini Bhawan

1. **Sh. Balbir Singh Saini**
# 750-751, Master Mota Singh Nagar, Jalandhar



2. **S. Jarnail Singh** Journalist
Vill. Nikkuwal, Teh. Anandpur Sahib, Distt. Ropar



3. **S. Jaspal Singh Saini**
H.No. 176, Giani Zail Singh Nagar, Ropar



ਅਪ੍ਰੈਲ-ਜੂਨ 2022 ਦੌਰਾਨ



# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

## 38ਵੇਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ-

ਸੈਣੀ ਭਵਨ ਰੂਪਨਗਰ ਵਿਖੇ 3 ਅਪ੍ਰੈਲ, 2022 ਨੂੰ 38ਵੇਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਦਾ ਸ਼ੁਭ ਆਰੰਭ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਨਾਲ ਕੀਤਾ ਗਿਆ। ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਆਯੋਜਤ ਸੰਮੇਲਨ 'ਚ ਆਮ ਆਦਮੀ ਪਾਰਟੀ ਦੇ ਹਲਕਾ ਸਾਹਨੇਵਾਲ ਤੋਂ ਬਰਾਦਰੀ ਦੇ ਚੁੱਣੇ ਗਏ ਵਿਧਾਇਕ ਹਰਦੀਪ ਸਿੰਘ ਮੁੰਡੀਆ ਸਮੇਤ ਵੱਖ ਵੱਖ ਖੇਤਰਾਂ 'ਚ ਸ਼ੋਹਰਤ ਪ੍ਰਾਪਤ ਕਰਨ ਵਾਲੀਆਂ ਕੋਈ **ਡੇਢ ਦਰਜਨ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ।** ਸੰਮੇਲਨ ਨੂੰ ਸੰਬੋਧਨ ਕਰਦਿਆਂ ਵਿਧਾਇਕ ਹਰਦੀਪ ਸਿੰਘ ਮੁੰਡੀਆ ਨੇ ਸੈਣੀ ਭਵਨ ਦੀਆਂ ਸਮਾਜਸੇਵੀ ਗਤੀਵਿਧੀਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸਮਾਜਸੇਵਾ ਇੱਕ ਅਜਿਹਾ ਸੇਵਾ ਦਾ ਮਾਰਗ ਹੈ ਜਿਸ ਨਾਲ ਇਨਸਾਨ ਨੂੰ ਪ੍ਰਮਾਤਮਾ ਦੀ ਕ੍ਰਿਪਾ ਸਦਕਾ ਲੋਕਾਂ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ। ਲੋਕਸੇਵਾ ਨੇ ਹੀ ਉਸ ਨੂੰ ਇਸ ਮੁਕਾਮ ਤੇ ਪਹੁੰਚਾਇਆ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੇ ਮਾਪੇ ਤੇ ਬਜ਼ੁਰਗਾਂ ਦੀ ਸੇਵਾ ਕਰਨ ਲਈ ਪ੍ਰੇਰਤ ਕੀਤਾ ਅਤੇ ਕਿਹਾ ਕਿ ਅਜਿਹਾ ਕਰਨ ਨਾਲ ਉਨਾਂ ਅੰਦਰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਨਵਾਂ ਉਤਸ਼ਾਹ ਮਿਲੇਗਾ। ਉਨ੍ਹਾ ਸੈਣੀ ਭਵਨ ਨੂੰ ਪੰਜਾਬ ਸਰਕਾਰ ਵਲੋਂ ਹਰ ਤਰ੍ਹਾਂ ਦੀ ਮਦਦ ਕਰਨ ਦਾ ਯਕੀਨ ਦਵਾਇਆ।

ਇਸ ਮੌਕੇ 'ਤੇ ਬੋਲਦਿਆਂ ਸੰਮੇਲਨ ਦੇ ਮੁੱਖ ਮਹਿਮਾਨ ਸ. ਤੇਜਦੀਪ ਸਿੰਘ ਸੈਣੀ, ਡਾਇਰੈਕਟਰ ਸਪੋਰਟਸ ਅਤੇ ਐਸ.ਡੀ.ਐਮ ਯੂ.ਟੀ. ਚੰਡੀਗੜ੍ਹ ਨੇ ਕਿਹਾ ਕਿ ਕਿਸੇ ਤਰ੍ਹਾਂ ਦੇ ਵਿਤਕਰੇ ਤੋਂ ਬਿਨ੍ਹਾਂ ਸਮਾਜ ਦੇ ਲੋਕਾਂ ਅੰਦਰ ਨੈਤਿਕ ਕਦਰਾਂ-ਕੀਮਤਾਂ, ਸਿੱਖਿਆ ਅਤੇ ਚੰਗੀ ਸਿਹਤ ਆਦਿ ਦਾ ਪ੍ਰਸਾਰ ਕਰਨ ਨਾਲ ਹੀ ਚੰਗੇ ਇਨਸਾਨ ਅਤੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਲਈ ਸੈਣੀ ਭਵਨ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਉਨ੍ਹਾਂ ਇਸ ਮੌਕੇ ਪੰਜਾਬੀਆਂ ਦੀ ਇਸ ਗੱਲੋਂ ਵੀ ਸ਼ਲਾਘਾ ਕੀਤੀ ਕਿ ਇਨ੍ਹਾਂ ਨੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਜੁਝਾਰੂ ਢੰਗ ਨਾਲ ਹਰ ਮਸਲੇ ਦੇ ਹਲ ਲਈ ਅੱਗੇ ਹੋ ਕੇ ਕੰਮ ਕੀਤਾ ਹੈ ਅਤੇ ਇਹ ਹਰ ਚੰਗਾ ਕਾਰਜ ਕਰਨ ਦਾ ਜਜ਼ਬਾ ਰੱਖਦੇ ਹਨ।

ਸੰਮਲੇਨ ਦੌਰਾਨ **ਵਿਚਾਰ-ਵਟਾਂਦਰੇ ਦੇ ਵਿਸ਼ੇ ''ਪੰਜਾਬ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹਲ''** 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਮੁੱਖ ਬੁਲਾਰੇ ਉੱਘੇ ਵਿਦਵਾਨ ਪ੍ਰੋ. ਜਮਸ਼ੀਦ ਅਲੀ ਖਾਨ ਸਾਬਕਾ ਡੀਨ (ਕਾਲਜਜ਼) ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬ ਦੇ ਪੁਰਾਤਨ ਇਤਿਹਾਸ ਤੋਂ ਜਾਣੂ ਕਰਵਾ ਕੇ ਇਸ ਦੀ ਮੌਜੂਦਾ ਸਥਿਤੀ 'ਤੇ ਵਿਸਥਾਰਪੂਰਬਕ ਚਾਨਣਾ ਪਾਇਆ। ਉਨ੍ਹਾਂ ਪੰਜਾਬ ਨੂੰ ਕਮਜ਼ੋਰ ਕਰਨ ਦੇ ਵੱਖ ਵੱਖ ਪਹਿਲੂਆਂ ਜਿਵੇਂ ਕਿ ਖੇਤਰੀ, ਜਾਤਾਂ ਤੇ ਧਾਰਮਿਕ ਵਿਤਕਰਿਆਂ ਤੋਂ ਇਲਾਵਾ ਰਾਜਨੀਤਿਕ ਗਿਰਾਵਟ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਪੰਜਾਬ ਦਾ ਬਦਲ ਰਿਹਾ ਦ੍ਰਿਸ਼ ਨਜ਼ਰ ਆ ਰਿਹਾ ਹੈ। ਇਸ ਸਰਕਾਰ ਨੇ ਲੋਕ ਹਿੱਤ ਵਿੱਚ ਆਪਣੇ ਕੁੱਝ ਦਿਨਾਂ ਦੇ ਕਾਰਜ ਦੌਰਾਨ ਚੰਗੇ ਫੈਸਲੇ ਲਏ ਹਨ। ਚੰਗਾ ਹੋਵੇਗਾ ਕਿ ਇਹ ਸਰਕਾਰ ਪੰਜਾਬ ਦੀਆਂ ਅਸਲ ਸਮੱਸਿਆਵਾਂ-ਨਸ਼ਾਖੋਰੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਨੂੰ ਸਮਝ ਕੇ ਇਸ ਨੂੰ ਵਿਕਾਸ ਦੇ ਰਾਹ 'ਤੇ ਤੋਰਨ ਦਾ ਯਤਨ ਕਰੇ। ਸੰਸਥਾ ਦੇ ਟਰੱਸਟੀ ਸ. ਦਵਿੰਦਰ ਸਿੰਘ ਜਟਾਣਾ ਨੇ ਮੁੱਖ ਬੁਲਾਰੇ ਦੇ ਜੀਵਨ 'ਤੇ ਰੌਸ਼ਨੀ ਪਾਈ।

ਸੰਮੇਲਨ ਦੌਰਾਨ ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਤੰਬੜ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮੁੱਖ ਮਹਿਮਾਨ ਦੀ ਸਖਸ਼ੀਅਤ 'ਤੇ ਚਾਨਣਾ ਪਾਇਆ। ਜਨਰਲ ਸਕੱਤਰ ਬਲਬੀਰ ਸਿੰਘ ਸੈਣੀ ਨੇ ਸੰਸਥਾ ਦੇ ਸਾਲਾਨਾ ਕੰਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਸੰਸਥਾ ਤੋਂ **ਕਿੱਤਾ ਸਿੱਖਲਾਈ ਮੁਕੰਮਲ ਕਰਨ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ।** ਸੰਮੇਲਨ ਵਿੱਚ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਅਤੇ ਹਰਿਆਣਾ ਤੋਂ ਵੀ ਸੈਣੀ ਸੰਸਥਾਵਾਂ ਦੇ ਪਤਵੰਤੇ ਵਿਅਕਤੀਆਂ ਨੇ ਹਾਜ਼ਰੀ ਭਰੀ। ਇਨ੍ਹਾਂ ਵਿੱਚ ਪੰਚਕੂਲਾ ਤੋਂ ਸ. ਭਗਵਾਨ ਸਿੰਘ ਰਿਟਾਇਰਡ ਰਿਜਨਲ ਐਨਵਾਇਰਨਮੈਂਟ ਇੰਜਨੀਅਰ ਹਰਿਆਣਾ, ਕੁਰੂਕਸ਼ੇਤਰ ਤੋਂ ਡਾ.ਅਰਜੁਨ ਸਿੰਘ ਹਰਿਆਣਾ ਹਾਰਟੀਕਲਚਰ ਵਿਭਾਗ ਦੇ ਡਾਇਰੈਕਟਰ ਜਨਰਲ, ਐਡੀਸ਼ਨਲ ਐਡਵੋਕੇਟ ਜਨਰਲ ਹਰਿਆਣਾ ਸ਼੍ਰੀ ਪ੍ਰੀਤਮ ਸਿੰਘ ਸੈਣੀ, ਸ਼੍ਰੀ ਜੈ ਸਿੰਘ ਸੈਣੀ ਪ੍ਰਧਾਨ ਟ੍ਰਾਈਸਿਟੀ ਸੈਣੀ ਵਿਕਾਸ ਮੰਚ ਅਤੇ ਮੁੰਬਈ ਤੋਂ ਸ. ਬਲਦੇਵ ਸਿੰਘ ਮੁੰਦਰਾ ਤੇ ਉਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਜਸਪਾਲ ਕੌਰ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਇਸ ਸੰਮੇਲਨ ਦੌਰਾਨ ਸੰਸਥਾ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ **ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 44ਵਾਂ ਅੰਕ ਰਿਲੀਜ਼ ਕੀਤਾ ਗਿਆ।**

ਸਮਾਗਮ ਦੌਰਾਨ ਸੰਸਥਾ ਵਿੱਚ ਸਿਖਲਾਈ ਹਾਸਲ ਕਰ ਰਹੀਆਂ ਸਿਖਿਆਰਥਣਾ ਤੋਂ ਇਲਾਵਾ ਬਰਾਦਰੀ ਦੇ ਗਾਇਕਾਂ-ਕੁਲਬੀਰ ਸਿੰਘ ਸੈਣੀ, ਹਰਮਿੰਦਰ ਨੂਰਪੁਰੀ ਅਤੇ ਅਲਗੋਜੇ ਦੇ ਪ੍ਰਸਿੱਧ ਕਲਾਕਾਰਾਂ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸਟੇਜ ਦੀ ਕਾਰਵਾਈ ਸ਼੍ਰੀ ਰਾਜਿੰਦਰ ਸੈਣੀ

ਪੀ.ਆਰ.ਓ ਨੇ ਪੂਰੀ ਸਫ਼ਲਤਾ ਨਾਲ ਨਿਭਾਈ। ਸੰਸਥਾ ਦੇ ਉੱਪ ਚੇਅਰਮੈਨ ਸ. ਗੁਰਮੁੱਖ ਸਿੰਘ ਸੈਣੀ( ਸਾਬਕਾ ਐਮ.ਸੀ.) ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਰਾਮਪੁਰ ਝੰਜੋਵਾਲ ਤੋਂ ਸ.ਬਲਬੀਰ ਸਿੰਘ ਸੈਣੀ, ਪੰਜੋੜ ਪਿੰਡ ਤੋਂ ਕੈਪਟਨ ਅਮਰਜੀਤ ਸਿੰਘ, ਸੂਬੇਦਾਰ ਮਨਜੀਤ ਸਿੰਘ ਤੰਬੜ, ਸ. ਸੰਤੋਖ ਸਿੰਘ ਤੰਬੜ, ਮਾਸਟਰ ਸੁਰਜੀਤ ਸਿੰਘ ਅਤੇ ਸਾਬਕਾ ਸਰਪੰਚ ਕਮਲਜੀਤ ਸਿੰਘ, ਜਲੰਧਰ ਤੋਂ ਸ਼੍ਰੀ ਬਲਬੀਰ ਸਿੰਘ, ਗਗਨਦੀਪ ਸਿੰਘ, ਮੁਸਕਾਨ ਸੈਣੀ, ਜਸਵੀਰ ਸਿੰਘ ਅੰਬਾਲਾ, ਸਾਬਕਾ ਡੀਈਓ ਸ਼੍ਰੀ ਹਰਚਰਨ ਦਾਸ, ਸ.ਹਰਪ੍ਰੀਤ ਸਿੰਘ ਖਾਲਸਾ, ਸ.ਸੰਤੋਖ ਸਿੰਘ ਮਾਲਕ ਸ਼ਿਵਾਲਿਕ ਹੋਟਲ ਬਲਾਚੌਰ, ਸ੍ਰੀ ਕੁਲਬੀਰ ਸਿੰਘ ਮਾਲਕ ਰਾਜਿਸਥਾਨ ਰਾਇਲ ਹੋਟਲ ਰੋਪੜ, ਸੈਣੀ ਭਵਨ ਦੇ ਟਰੱਸਟੀਆਂ ਤੇ ਪ੍ਰਬੰਧਕੀ ਕਮੇਟੀ ਮੈਂਬਰਾਂ ਤੋਂ ਇਲਾਵਾ ਸੈਣੀ ਬਰਾਦਰੀ ਦੇ ਅਨੇਕ ਪਤਵੰਤੇ ਸੱਜਣ ਹਾਜ਼ਰ ਸਨ।

## ਸੈਣੀ ਭਵਨ 'ਚ ਲਗਾਇਆ ਗਿਆ ਯੋਗ ਕੈਂਪ



ਭਾਰਤੀਯ ਯੋਗ ਸੰਸਥਾਨ (ਰਜਿ.) ਦੀ ਜ਼ਿਲ੍ਹਾ ਇਕਾਈ ਰੂਪਨਗਰ ਵੱਲੋਂ ਸ਼ਹਿਰ ਅੰਦਰ ਗਰਮੀਆਂ ਦੇ ਦਿਨਾਂ 'ਚ ਪੇਟ ਦੇ ਰੋਗਾਂ ਨਾਲ ਸਬੰਧਤ ਬਿਮਾਰੀਆਂ ਤੋਂ ਨਿਜਾਤ ਪਾਉਣ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਸੈਣੀ ਭਵਨ ਵਿਖੇ 18 ਤੋਂ 22 ਅਪ੍ਰੈਲ ਤੱਕ 5 ਦਿਨਾਂ ਦਾ ਯੋਗ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਸੈਣੀ ਭਵਨ 'ਚ ਵੱਖ ਵੱਖ ਤਰ੍ਹਾਂ ਦੇ ਹੁਨਰ ਸਬੰਧੀ ਕੋਰਸ ਕਰ ਰਹੀਆਂ 40 ਤੋਂ ਵੱਧ ਸਿੱਖਿਆਰਥਣਾਂ ਨੇ ਉਤਸ਼ਾਹ ਨਾਲ ਸਿਰਕਤ ਕੀਤੀ। ਸੰਸਥਾਨ ਦੀ ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ, ਯੋਗ ਸਾਧਕ ਰਾਜਿੰਦਰ ਸੈਣੀ, ਉਸ਼ਾ ਸ਼ਰਮਾ, ਹੰਸ ਰਾਮ, ਆਮਿਸਾ ਸਚਦੇਵਾ, ਨਿਰਮਲ ਕੌਰ ਤੇ ਯੁਵਾ ਯੋਗ ਸਾਧਕਾ ਰੀਨਾ ਵਲੋਂ ਯੋਗ ਦੀਆਂ ਵੱਖ ਵੱਖ ਕਿਰਿਆਵਾਂ ਆਸਣਾਂ, ਪ੍ਰਾਣਾਯਾਮ ਅਤੇ ਧਿਆਨ ਦਾ ਅਭਿਆਸ ਕਰਵਾਇਆ ਗਿਆ। ਕੈਂਪ ਵਿੱਚ ਆਯੂਸ ਵਿਭਾਗ ਤੋਂ ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਮੇਹਰ, ਸੰਸਥਾ ਦੀਆਂ ਅਧਿਆਪਕਾਵਾਂ ਅੰਜੂ ਬਾਲਾ, ਸਪਿੰਦਰ ਕੌਰ, ਉਰਮਲਾ, ਯੋਗ ਸਾਧਕ ਕੇ. ਐਲ ਕਪੂਰ, ਜਗਦੇਵ ਸਿੰਘ, ਸੈਣੀ ਭਵਨ ਦੇ ਸਿੱਖਲਾਈ ਸੈਂਟਰਾਂ ਦੇ ਪ੍ਰਿਸੀਪਲ ਅਮਰਜੀਤ ਸਿੰਘ ਵੀ ਹਾਜ਼ਰ ਸਨ।

## ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਦੀ 5ਵੀਂ ਬਰਸੀ ਮਨਾਈ

ਸੈਣੀ ਭਵਨ ਰੋਪੜ ਦੇ ਮੋਢੀ ਸ਼੍ਰੀ ਐਲ.ਆਰ.ਮੁੰਦਰਾ ਦੀ ਪੰਜਵੀਂ ਬਰਸੀ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਵੱਲੋਂ 5 ਜੂਨ, 2022 ਨੂੰ ਬਜ਼ੁਰਗਾਂ ਦੇ "ਆਪਣਾ ਘਰ" ਹਵੇਲੀ ਕਲਾਂ ਵਿਖੇ ਮਨਾਈ ਗਈ। ਇਸ ਮੌਕੇ ਉਨ੍ਹਾਂ ਦੀ ਯਾਦ ਵਿੱਚ ਸ਼੍ਰੀ ਸੁਖਮਨੀ ਸੇਵਾ ਸੁਸਾਇਟੀ, ਹਵੇਲੀ ਕਲਾਂ ਦੇ ਜਥੇ ਵਲੋਂ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਮੁੰਦਰਾ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਬਜ਼ੁਰਗਾਂ ਪ੍ਰਤੀ ਉਸਾਰੂ ਸੋਚ ਰੱਖਣ ਵਾਲੀਆਂ ਸ਼ਖ਼ਸ਼ੀਅਤਾਂ ਹਾਜ਼ਰ ਸਨ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਵਿਅਕਤੀਆਂ ਵਿੱਚ ਟਰੱਸਟੀਆਂ ਤੋਂ ਇਲਾਵਾ ਡਾਕਟਰ ਆਰ. ਐਸ. ਪਰਮਾਰ, ਇੰਨਰਵੀਲ ਕਲੱਬ ਦੇ ਪ੍ਰਧਾਨ ਕੁਲਵਿੰਦਰ ਕੌਰ ਅਤੇ ਮੁੰਦਰਾ ਜੀ ਦੇ ਪਰਿਵਾਰਿਕ ਮੈਂਬਰ ਹਾਜ਼ਰ ਸਨ।

## ਮਾਸਿਕ ਮੀਟਿੰਗਾਂ ਅਤੇ ਜਨਮ ਦਿਨ ਮੁਬਾਰਕ

ਅਪ੍ਰੈਲ, ਮਈ ਅਤੇ ਜੂਨ ਦੌਰਾਨ 12 ਅਪ੍ਰੈਲ, 7 ਮਈ ਅਤੇ 11 ਜੂਨ ਨੂੰ ਪ੍ਰਬੰਧਕ ਕਮੇਟੀ ਦੀਆਂ ਮਾਸਿਕ ਮੀਟਿੰਗਾਂ ਹੋਈਆਂ ਅਤੇ ਇਨ੍ਹਾਂ ਵਿੱਚ ਬੀਤੇ ਮਹੀਨੇ ਦੌਰਾਨ ਕੀਤੇ ਗਏ ਕੰਮਾਂ ਦੀ ਪਰਖ-ਪੜਚੋਲ ਕਰਕੇ ਅਗਲੇ ਮਹੀਨੇ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇਨ੍ਹਾਂ ਮੀਟਿੰਗਾਂ ਦੌਰਾਨ ਪ੍ਰਬੰਧਕ ਕਮੇਟੀ ਮੈਂਬਰਾਂ ਸਰਵ ਸ਼੍ਰੀ ਜਗਦੇਵ ਸਿੰਘ, ਰਜਿੰਦਰ ਸਿੰਘ, ਰਜਿੰਦਰ ਸੈਣੀ, ਗੁਰਮੁਖ ਸਿੰਘ ਲੌਂਗੀਆ, ਰਵਿੰਦਰ ਸਿੰਘ ਮੁੰਦਰਾ, ਗੁਰਮੁਖ ਸਿੰਘ (ਸਾਬਕਾ ਐਮ.ਸੀ.), ਹਰਦੀਪ ਸਿੰਘ ਮੈਨੇਜਰ, ਬਹਾਦਰਜੀਤ ਸਿੰਘ, ਪ੍ਰਿਤਪਾਲ ਸਿੰਘ ਅਤੇ ਬਲਦੇਵ ਸਿੰਘ ਮੁੰਦਰਾ ਦੇ ਜਨਮ ਦਿਨ ਮਨਾਏ ਗਏ।

## ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਕੀਤੀਆਂ ਗਈਆਂ ਸੰਸਥਾਵਾਂ/ਸਖਸ਼ੀਅਤਾਂ

1. **ਸ. ਜਗਵਿੰਦਰ ਸਿੰਘ**- ਆਪ ਏ.ਐਸ.ਬੀ.ਏ.ਐਸ. ਜੇ. ਐਸ ਮੈਮੋਰੀਅਲ ਕਾਲਜ ਬੇਲਾ ਦੀ ਪ੍ਰਬੰਧਕੀ ਕਮੇਟੀ ਦੇ ਸਕੱਤਰ ਹਨ। ਇਹ ਕਾਲਜ ਮੈਗਜ਼ੀਨ ਸੈਣੀ ਸੰਸਾਰ ਵਿਚ ਆਪਣੀਆਂ ਵਿਸ਼ੇਸ਼ਤਾਵਾਂ ਦੇ ਇਸ਼ਤਿਹਾਰ ਦੇ ਕੇ ਸੈਣੀ ਭਵਨ ਸੰਸਥਾ ਦੀ ਵਿਤੀ ਸਹਾਇਤਾ ਕਰਦਾ ਹੈ।
2. **ਸ. ਹਰਦੀਪ ਸਿੰਘ ਬੁਟਰੇਲਾ**- ਆਪ ਪ੍ਰਸਿੱਧ ਸਮਾਜਸੇਵੀ ਅਤੇ ਰਾਜਨੀਤਿਕ ਆਗੂ ਹਨ। ਆਪ ਇਸ ਸਮੇਂ ਚੰਡੀਗੜ੍ਹ ਯੂ.ਟੀ ਦੇ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼ਹਿਰ ਦੀ ਨਗਰ ਕਾਰਪੋਰੇਸ਼ਨ ਦੇ ਕੌਂਸਲਰ ਹਨ। ਆਪ ਇਸ ਕੌਂਸਲ ਦੇ ਡਿਪਟੀ ਮੇਅਰ ਵੀ ਰਹਿ ਚੁੱਕੇ ਹਨ।
3. **ਸ਼੍ਰੀਮਤੀ ਰਾਜਿੰਦਰ ਕੌਰ ਪਤਨੀ ਸ.ਨਰਿੰਦਰ ਸਿੰਘ**- ਆਪ ਬਰਾਦਰੀ ਦੀ ਨਾਮਵਰ ਸਖਸ਼ੀਅਤਾਂ ਵਿਚੋਂ ਇਕ ਹਨ। ਆਪ ਦੇ ਪਤੀ ਜੋਕਿ ਰਜਨੀ ਹਰਬਲਜ਼

ਮਲਕਪੁਰ ਅਦਾਰੇ ਦੇ ਮਾਲਕ ਹਨ ਸੈਣੀ ਭਵਨ ਦੇ ਪੱਕੇ ਹਿਤੈਸ਼ੀ ਹਨ ਜੋ ਹਰ ਸਮਾਗਮ ਸਮੇਂ ਸੰਸਥਾ ਦੀ ਸਹਾਇਤਾ ਕਰਦੇ ਹਨ।

4. **ਕੁਲਵਿੰਦਰ ਕੌਰ ਸੈਣੀ ਪਤਨੀ ਸ. ਗੁਰਸ਼ਰਨ ਸਿੰਘ**–ਆਪ ਇੰਨਰਵ੍ਹੀਲ ਕਲੱਬ ਰੋਪੜ ਦੇ ਪ੍ਰਧਾਨ ਹਨ। ਸੈਣੀ ਭਵਨ ਵਿੱਚ ਪੜ੍ਹਦੀਆਂ ਸਿਖਿਆਰਥਣਾਂ ਦੀ ਵਿਤੀ ਮਦਦ ਕਰਦੇ ਹਨ ਅਤੇ ਸਾਰੇ ਸਮਾਗਮਾਂ ਵਿੱਚ ਵਧ ਚੜ੍ਹ ਕੇ ਭਾਗ ਲੈਂਦੇ ਹਨ।ਆਪ ਹਰ ਸਾਲ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਪੈਸੇ ਦਾਨ ਕਰਦੇ ਹਨ।
5. **ਜਰਨੈਲ ਸਿੰਘ ਨਿੱਕੂਵਾਲ**–ਆਪ ਸਿੱਖਿਆ ਵਿਭਾਗ ਵਿੱਚ ਨੌਕਰੀ ਦੇ ਨਾਲ ਹੀ ਪੱਤਰਕਾਰੀ ਵੀ ਕਰਦੇ ਹਨ। ਆਪ ਪ੍ਰੈਸ ਕਲੱਬ ਆਨੰਦਪੁਰ ਸਾਹਬ ਦੇ ਅਹੁਦੇਦਾਰ ਰਹੇ ਹਨ ਅਤੇ ਜੁੜੋ ਐਸੋਸੀਏਸ਼ਨ ਦੇ ਸਕਤਰ ਹਨ।
6. **ਹਰਮਨਜੀਤ ਸਿੰਘ ਪੁੱਤਰ ਸ.ਭੁਪਿੰਦਰ ਸਿੰਘ** – ਆਪ ਕ੍ਰਿਕਟ ਦੇ ਅੰਤਰਰਾਸ਼ਟੀ ਪੱਧਰ ਦੇ ਖਿਡਾਰੀ ਹਨ ਜਿਨ੍ਹਾਂ ਨੇ ਦਰਜਣਾਂ ਹੀ ਤਮਗੇ ਹਾਸਲ ਕੀਤੇ ਹਨ।ਆਪ ਦੇ ਪਿਤਾ ਵੀ ਕ੍ਰਿਕਟ ਦੇ ਰਾਜਪੱਧਰੀ ਖਿਡਾਰੀ ਤੇ ਕੋਚ ਹਨ।
7. **ਸ.ਗੁਰਮੀਤ ਸਿੰਘ ਖਰੜ**– ਆਪ ਸਿੱਖਿਆ ਵਿਭਾਗ ਵਿੱਚ ਸਟੇਟ ਐਵਾਰਡੀ ਅਧਿਆਪਕ ਰਹੇ ਹਨ ਅਤੇ ਮਾਣਮੱਤੇ ਅਧਿਕਾਰੀ ਵਜੋਂ ਸੇਵਾਮੁਕਤ ਹੋਏ ਹਨ। ਆਪ ਹੁਣ ਤਰਕਸ਼ੀਲ ਸੰਸਥਾ ਵਿੱਚ ਕੰਮ ਕਰਦਿਆਂ ਲੋਕਾਂ ਵਿੱਚ ਵਿਗਿਆਨਕ ਚੇਤਨਤਾ ਦਾ ਪਸਾਰ ਕਰ ਰਹੇ ਹਨ।
8. **ਡਾ.ਅਰਜੁਨ ਸਿੰਘ ਕੁਰੂਕਸ਼ੇਤਰ**–ਆਪ ਹਰਿਆਣਾ ਹਾਰਟੀਕਲਚਰ ਵਿਭਾਗ ਦੇ ਡਾਇਰੈਕਟਰ ਜਨਰਲ ਹਨ। ਆਪ ਨੇ ਦਰਜਣਾ ਹੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੋਜ ਸੰਸਥਾਵਾਂ ਵਿੱਚ ਭਾਗ ਲੈ ਕੇ ਆਪਣੇ ਕਿੱਤੇ ਨੂੰ ਚਾਰ ਚੰਨ ਲਾਏ ਹਨ।
9. **ਮਾਸਟਰ ਮਿਲਨਜੋਤ ਸਿੰਘ ਸੈਣੀ, ਅਬਿਆਣਾ**– ਚੌਥੀ ਜਮਾਤ ਵਿੱਚ ਪੜ੍ਹਦੇ ਇਸ ਨੌ ਸਾਲ ਦੇ ਵਿਦਿਆਰਥੀ ਨੇ ਕੌਮੀ ਪੱਧਰ ਦੇ ਜੀ.ਕੇ ਉਲੰਪਿਅਡ ਮੁਕਾਬਲੇ ਵਿੱਚ ਭਾਗ ਲੈ ਕੇ ਪੰਜਾਬ ਲਈ ਸੋਨ ਤਮਗਾ ਹਾਸਲ ਕੀਤਾ ਹੈ।
10. **ਮਾਸਟਰ ਆਰਿਸ਼ ਸੈਣੀ**– ਜਲੰਧਰ ਵਿਖੇ ਪੰਜਵੀਂ ਜਮਾਤ ਵਿੱਚ ਪੜ੍ਹਦੇ ਇਸ ਵਿਦਿਆਰਥੀ ਨੇ 1-100 ਤੱਕ ਦੇ ਪਹਾੜੇ 8ਮਿੰਟ,42 ਸਕਿੰਟ ਵਿੱਚ ਜੁਬਾਨੀ ਸੁਣਾ ਕੇ ਵਿਸ਼ਵ ਰਿਕਾਰਡ ਬਣਾਇਆ ਹੈ ਜਿਸ ਨਾਲ ਉਸ ਦਾ ਨਾਮ 'ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼' ਵਿੱਚ ਦਰਜ ਹੋਇਆ ਹੈ।
11. **ਬਲਬੀਰ ਸਿੰਘ ਸੈਣੀ,ਨੰਗਲ**–ਆਪ ਪ੍ਰਸਿੱਧ ਸਾਹਿਤਕਾਰ ਤੇ ਵਕਤਾ ਹਨ। ਆਪ ਨੇ ਕਹਾਣੀਆਂ ਅਤੇ ਕਵਿਤਾਵਾਂ ਦੀਆਂ ਦਰਜਣਾਂ ਪੁਸਤਕਾਂ ਲਿਖੀਆਂ ਹਨ ਜਿਸ ਕਰਕੇ ਅਨੇਕ ਸਾਹਿਤ ਸਭਾਵਾਂ ਅਤੇ ਰਾਜ ਸਰਕਾਰਾਂ ਵਲੋਂ ਸਨਮਾਨਿਤ ਕੀਤੇ ਜਾ ਚੁੱਕੇ ਹਨ।
12. **ਸ.ਸ਼ਮਿੰਦਰ ਸਿੰਘ ਭੱਕੂਮਾਜਰਾ**–ਆਪ ਇਲਾਕੇ ਦੇ ਪ੍ਰਸਿੱਧ ਸਮਾਜਸੇਵੀ ਹਨ। ਆਪ ਆਪਣੇ ਪਿੰਡ ਦੀ ਨੌਜਵਾਨ ਸਭਾ ਦੇ ਅਹੁਦੇਦਾਰ ਹਨ। ਇਹ ਸਭਾ ਗਰੀਬ ਬੱਚਿਆਂ ਨੂੰ ਪੜ੍ਹਾਈ ਲਈ ਵਜ਼ੀਫੇ ਦਿੰਦੀ ਹੈ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡ ਵਿੱਚ ਸਾਲਾਨਾ ਕੀਰਤਨ ਦਰਬਾਰ ਕਰਵਾਉਂਦੀ ਹੈ।
13. **ਵੇਟ੍ਹਲਿਫਟਰ ਪਰਮਵੀਰ ਸਿੰਘ**– ਰੋਪੜ ਜ਼ਿਲ੍ਹੇ ਦੇ ਪਿੰਡ ਹਜਾਰਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਇਸ 15 ਸਾਲ ਦੇ ਨੌਜਵਾਨ ਨੇ ਉੜੀਸਾ ਵਿਖੇ ਕਰਵਾਏ ਗਏ ਰਾਸ਼ਟਰੀ ਵੇਟ੍ਹਲਿਫਟਿੰਗ ਮੁਕਾਬਲੇ ਵਿੱਚ 102 ਕਿਲੋ ਭਾਰ ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।
14. **ਵੇਟ੍ਹਲਿਫਟਰ ਗੁਰਕਰਨ ਸਿੰਘ**–ਇਸ 18 ਸਾਲ ਦੇ ਨੌਜਵਾਨ ਨੇ ਉੜੀਸਾ ਵਿਖੇ ਕਰਵਾਏ ਗਏ ਰਾਸ਼ਟਰੀ ਵੇਟ੍ਹਲਿਫਟਿੰਗ ਮੁਕਾਬਲੇ ਵਿੱਚ ਭਾਗ ਲੈ ਕੇ ਖੇਲ੍ਹੋ ਇੰਡੀਆ ਲਈ ਚੁਣੇ ਜਾਣ ਵਿੱਚ ਸਫਲਤਾ ਪਾਈ ਹੈ।ਉਹ ਪਰਮਵੀਰ ਸਿੰਘ ਦਾ ਵੱਡਾ ਭਰਾ ਹੈ।
15. **ਸ. ਸੁਰਿੰਦਰ ਸਿੰਘ**–ਸੈਣੀ ਭਵਨ ਰੋਪੜ ਦੀ ਪ੍ਰਬੰਧਕੀ ਕਮੇਟੀ ਦੇ ਇਸ ਸਰਗਰਮ ਕਾਰਜਕਰਤਾ ਨੇ ਇਸ ਸੰਸਥਾ ਦੇ ਹਰ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਮੈਗਜ਼ੀਨ ਸੈਣੀ ਸੰਸਾਰ ਦੇ ਮੈਟਰੀਮੋਨੀਅਲ ਸੈਕਸ਼ਨ ਦੇ ਇੰਚਾਰਜ ਹਨ।
16. **ਮਨਜੀਤ ਕੌਰ ਪਤਨੀ ਸ. ਗੁਰਪਾਲ ਸਿੰਘ**–ਆਪ ਇੱਕ ਵਿੱਦਿਅਕ ਸੰਸਥਾ ਦਾ ਸੰਚਾਲਨ ਕਰ ਰਹੇ ਹਨ ਅਤੇ ਸੈਣੀ ਭਵਨ ਦੇ ਹਿਤੈਸ਼ੀ ਹਨ। ਆਪ ਨੇ ਸੈਣੀ ਸੰਸਾਰ ਮੈਗਜ਼ੀਨ ਵਿੱਚ ਦਿੱਤੀ ਪ੍ਰਸ਼ਨੋਤਰੀ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਠੀਕ ਦਿੱਤੇ ਹਨ ਜਿਸ ਕਾਰਨ ਆਪ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।
17. **ਗੁਰਵਿੰਦਰ ਕੌਰ ਪਤਨੀ ਸ. ਅਮਰੀਕ ਸਿੰਘ**– ਆਪ ਨੇ ਮੈਗਜ਼ੀਨ ਸੈਣੀ ਸੰਸਾਰ ਦੀ ਪ੍ਰਸ਼ਨੋਤਰੀ ਵਿੱਚ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਸਹੀ ਦਿੱਤੇ ਹਨ ਜਿਸ ਲਈ ਇਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।
18. **ਸ.ਨਿਰਮੋਲਕ ਸਿੰਘ,ਮੋਹਾਲੀ**–ਆਪ ਸੈਣੀ ਸੰਸਾਰ ਮੈਗਜ਼ੀਨ ਦੇ ਪੱਕੇ ਪਾਠਕ ਹਨ। ਆਪ ਨੇ ਮੈਗਜ਼ੀਨ ਵਿਚ ਛਪੀ ਪ੍ਰਸ਼ਨੋਤਰੀ ਦੇ ਬਹੁਤੇ ਪ੍ਰਸ਼ਨਾਂ ਦੇ ਉਤੱਰ ਸਹੀ ਲਿਖੇ ਹਨ ਜਿਸ ਕਰਕੇ ਸਨਮਾਨ ਦੇ ਪਾਤਰ ਬਣੇ ਹਨ।

* * * * *



ਕਹਾਣੀ

# ਕੱਖੋਂ ਹੌਲੀ

**ਡਾ. ਜਸਵੰਤ ਕੌਰ ਸੈਣੀ**
**ਰੂਪਨਗਰ**

ਹਰਜੀਤ ਪੰਜਾਂ ਭਰਾਵਾਂ ਦੀ ਇਕੱਲੀ ਭੈਣ ਸੀ। ਜਾਗਰ ਸਿੰਘ ਪੱਚੀਆਂ ਕਿੱਲਿਆਂ ਦਾ ਮਾਲਕ ਸੀ, ਹਰਜੀਤ ਦਾ ਬਾਪ। ਪਰ ਉਸ ਨੂੰ ਕੁੜੀਆਂ ਨੂੰ ਪੜ੍ਹਾਉਣਾ ਬਹੁਤ ਹੀ ਘਟੀਆ ਗੱਲ ਲੱਗਦੀ ਸੀ। ਬਹੁਤ ਹੀ ਰੂੜ੍ਹੀਵਾਦੀ ਵਿਚਾਰਾਂ ਵਾਲਾ ਸੀ, ਜਾਗਰ ਸਿੰਘ ।ਪਿੰਡ ਵਿੱਚ ਮਿਡਲ ਸਕੂਲ ਹੀ ਸੀ। ਬੜੇ ਸਕੂਲ ਵਿੱਚ ਪੜ੍ਹਾਉਣ ਲਈ ਕੁੜੀ ਨੂੰ ਦੋ ਮੀਲ 'ਤੇ ਦੂਜੇ ਪਿੰਡ ਭੇਜਣਾ ..ਉਹ ਸੋਚ ਵੀ ਨਹੀਂ ਸੀ ਸਕਦਾ। ਹਰਜੀਤ ਨੇ ਅੱਠਵੀਂ ਪਾਸ ਕਰ ਲਈ ਤਾਂ ਬਾਪੂ ਨੂੰ ਕਹਿਣ ਲੱਗੀ, "ਬਾਪੂ ਜੀ ਸਿਮਰੋ ਹੁਣੀ, ਬਾਗਪੁਰ ਦੇ ਸਕੂਲ ਨੌਮੀ ਵਿੱਚ ਲੱਗਣਾ ।"

ਜਾਗਰ ਸਿੰਘ ਗਰਜਿਆ, "ਕੁੜੀਏ ਤੇਰੀ ਮਤ ਤਾ ਨਹੀਂ ਮਾਰੀ ਗਈ ?ਇੱਜਤ ਆਲੇ ਘਰਾਂ ਦੀਆਂ ਕੁੜੀਆਂ ਦੂਏ ਪਿੰਡੀਂ ਨੀ ਘੁੰਮਦੀਆਂ। ਇਹ ਤਾਂ ਅਫਰਊ ਲੋਕਾਂ ਦੇ ਕੰਮ ਇਆ। ਨਾਲੇ ਤੂੰ ਹੁਣ ਚਿੱਠੀ ਜੋਗੀ ਤਾਂ ਹੋ ਈ ਗਈ ਐਂ, ਇੰਨਾਂ ਈ ਬਥੇਰਾ। ਗਹਾਂ ਪੜ੍ਹਾਅ ਕੇ ਅਸੀਂ ਤੈਨੂੰ ਕਿਹੜਾ ਦਫ਼ਤਰੇ ਲਗਾਉਣਾ। ਰਾਮ ਨਾ ਘਰ ਬਹਿ, ਰੋਟੀ-ਪਾਣੀ ਬਣੌਣ ਦੀ ਜਾਚ ਸਿੱਖ, ਕੱਢਣਾ-ਬੁਣਨਾ, ਸੀਣਾ-ਪਰੋਣਾ ਸਿੱਖ, ਜਿਹੜੀ ਧੀਆਂ ਭੈਣਾਂ ਲਈ ਰਾਹ ਦੀ ਗੱਲ ਇਆ। ਖ਼ਬਰਦਾਰ ! ਜੇ ਮੁੜ ਕੇ ਪੜ੍ਹਨ ਦਾ ਨਾ ਲਿਆ।"

ਹਰਮੀਤ ਮਨ ਜਿਹਾ ਮਸੋਸ ਕੇ ਰਹਿ ਗਈ। ਨਾਲ ਦੀਆਂ ਸਾਰੀਆਂ ਕੁੜੀਆਂ ਨੌਵੀਂ ਵਿੱਚ ਬਾਗਪੁਰ ਦੇ ਹਾਈ ਸਕੂਲ ਦਾਖ਼ਲ ਹੋ ਗਈਆਂ। ਬਾਕੀ ਕੁੜੀਆਂ ਹਰਜੀਤ ਦੇ ਬਾਪੂ ਤੋਂ ਡਰਦੀਆਂ ਉਨ੍ਹਾਂ ਦੇ ਘਰ ਵੀ ਘੱਟ-ਵੱਧ ਹੀ ਆਉਂਦੀਆਂ ।

ਇੱਕ ਦਿਨ ਹਰਜੀਤ ਨੇ ਪ੍ਰੀਤੀ ਅੱਗੇ ਵਾਸਤਾ ਪਾਇਆ,"ਪ੍ਰੀਤੀ ! ਭੈਣ ਬਣ ਕੇ ਤੂੰ ਹੀ ਮੇਰੇ ਬਾਪੂ ਨੂੰ ਕਹਿ ਕੇ ਦੇਖ, ਖਬਰੇ ਤੇਰੇ ਕਹੇ ਤੇ ਹੀ ਮੰਨ ਜਾਵੇ। ਮੇਰਾ ਬੜਾ ਈ ਦਿਲ ਕਰਦਾ ਪੜ੍ਹਨੇ ਨੂੰ, ਸਾਰਾ ਦਿਨ ਘਰ ਬਹਿ ਕੇ ਮੈਨੂੰ ਤੁਸੀਂ ਸਾਰੀਆਂ ਬੜੀਆਂ ਯਾਦ ਆਉਂਦੀਆਂ ਓ।"

ਪ੍ਰੀਤੀ ਸੱਚੀਂ ਈ ਹਰਜੀਤ ਦੇ ਘਰ ਗਈ, "ਤਾਇਆ ਜੀ, ਅਸੀਂ ਨਿੱਕੀਆਂ ਨਿੱਕੀਆਂ ਈ ਤਾਂ ਆਂ, ਹੁਣੇ ਘਰ ਬਹਿ ਕੇ ਕੀ ਕਰੂੰਗੀਆਂ। ਸਾਰੀਆਂ ਕੁੜੀਆਂ ਦਾਖ਼ਲ ਹੋ ਗਈਆਂ। ਮੇਰੇ ਪਾਪਾ ਜੀ ਨੇ ਵੀ ਮੈਨੂੰ ਦਾਖ਼ਲ ਕਰਵਾ ਦਿੱਤਾ। ਤੁਸੀਂ ਵੀ ਜੀਤੀ ਨੂੰ ਦਾਖ਼ਲ ਕਰਵਾ ਦਿਓ। ਸਾਡਾ ਸਾਥ ਹੈ ਈ ਆ, ਏਹਨੇ ਕਿਹੜਾ 'ਕੱਲੀ ਨੇ ਜਾਣਾ"।

ਬਾਪੂ ਨੇ ਪ੍ਰੀਤੀ ਨੂੰ ਸੌ ਦੀ ਇੱਕ ਸੁਣਾਈ,"ਕੁੜੀਏ ! ਜੇ ਹੈਦਾਂ ਦੇ ਪਾਬਦੇ ਈ ਪੜ੍ਹੌਣੇ ਆ, ਸਾਡੇ ਘਰ ਨਾ ਆਇਆ ਕਰ । ਅਸੀਂ ਮੂਰਖ ਨੀ, ਸਾਨੂੰ ਵੀ ਜੀਤੀ ਦੇ ਭਲੇ-ਬੁਰੇ ਦਾ ਪਤਾ ਇਆ। ਤੇਰੇ ਪੇ ਨੇ ਤਾਂ ਤੈਨੂੰ ਪੜ੍ਹਾ ਕੇ ਨੌਕਰ ਲੁਆਣਾ ਹੋਊ। ਕਮਾਈ ਖਾਣੀ ਹੋਊ ਤੇਰੀ, ਮੈਂ ਅਜੇ ਹੈਗਾਂ ਐਨੇ ਜੋਗਾ, ਮੈਨੂੰ ਨਹੀਂ ਇਹਦੀ ਕਮਾਈ ਦੀ ਲੋੜ। ਜਾ ਕੇ ਆਪਣਾ ਰਾਹ ਫੜ।"

ਪ੍ਰੀਤੀ ਨੇ ਜੀਤੀ ਦੇ ਬਾਪੂ ਕੋਲੋਂ ਕੁਪੱਤ ਕਰਾ ਕੇ ਮੁੜ ਕੇ ਕਦੀ ਉਨ੍ਹਾਂ ਦਾ ਦਰ ਨਹੀਂ ਟੱਪਿਆ। ਕਈ ਦਿਨ ਜੀਤੀ ਕੰਧਾਂ-ਕੌਲਿਆਂ ਓਹਲੇ ਲੁਕ-ਲੁਕ ਕੇ ਰੋਂਦੀ ਰਹੀ। ਅਖ਼ੀਰ ਨੂੰ ਮਾਂ ਨੇ ਇੱਕ ਦਿਨ ਬੁੱਕਲ ਵਿੱਚ ਲੈ ਕੇ ਕਿਹਾ, "ਧੀਏ ਕਾਹਨੂੰ ਦੀਦੇ ਗਾਲਦੀ ਐਂ, ਤੈਨੂੰ ਨਹੀਂ ਪਤਾ ਤੇਰਾ ਬਾਪੂ ਕਿਹੜੀ ਮਿੱਟੀ ਦਾ ਬਣਿਓ ਆ। ਏਹਤੇ ਕਿਸੇ ਗੱਲ ਦਾ ਅਸਰ ਨੀਂ ਹੋਣਾ। ਚੁੱਪ ਕਰਕੇ ਕੰਮ ਨੂੰ ਅਹੁਲ। ਜੇ ਉਹਨੇ ਤੈਨੂੰ ਬੁਸ ਬੁਸ ਕਰਦੀ ਨੂੰ ਦੇਖ ਲਿਆ, ਗੁੱਸੇ 'ਚ ਆ ਕੇ ਅਸਮਾਨ ਸਿਰ ਤੇ ਚੁੱਕ ਲਊ, ਨਾਲੇ ਅਬਾ ਤਬਾ ਸੁਣੇਂਗੀ ਉਹਤੋਂ। ਉਹਨੇ ਤਾਂ ਮੇਰਾ ਵੀ ਅੱਗਾ ਪਿੱਛਾ ਪੁਣ ਦੇਣਾ।"

ਮੁੜ ਕੇ ਹਰਜੀਤ ਕੇ ਕਦੇ ਸਾਹ ਨਾਂ ਭਰਿਆ। ਉਸ ਦੇ ਨਾਲ ਦੀਆਂ ਪ੍ਰੀਤੀ ਅਤੇ ਹੋਰ ਕੁੜੀਆਂ ਦਸਵੀਂ ਕਰਕੇ ਸ਼ਹਿਰ ਪੜ੍ਹਨ ਜਾ ਲੱਗੀਆਂ। ਉਨ੍ਹਾਂ ਦੇ ਪਹਿਨਣ ਓੜਨ ਦੇ ਸਲੀਕੇ ਦੇਖ ਕੇ ਹਰਜੀਤ ਆਹਾਂ ਭਰ ਕੇ ਰਹਿ ਜਾਂਦੀ, ਪਰ ਕਰ ਕੁੱਝ ਨਾ ਸਕਦੀ। ਕਿਉਂਕਿ ਉਹ ਆਪਣੇ ਬਾਪੂ ਦੀ 'ਇੱਜ਼ਤ'ਸਾਂਭੀ ਬੈਠੀ ਸੀ।

ਜਾਗਰ ਸਿੰਘ ਆਪਣੇ ਯਾਰ ਬੰਤਾ ਸਿੰਘ ਨੂੰ ਨਾਲ ਲੈ ਕੇ ਇੱਕ ਮੁੰਡਾ ਦੇਖ ਆਇਆ। ਬੰਤਾ ਸਿੰਘ ਨੇ ਹੀ ਮੁੰਡੇ ਬਾਰੇ ਦੱਸ ਪਾਈ ਸੀ। ਦੋਵੇਂ ਜਣੇ ਦਫ਼ਤਰ ਵਿੱਚ ਹੀ ਬਾਹਰੋਂ ਬਾਹਰ ਨਜ਼ਰ ਮਾਰ ਆਏ। ਮੁੰਡਾ ਉਨਾਂ ਨੂੰ ਚੰਗਾ ਲੱਗਾ। ਘਰ ਬਾਰ ਦਾ ਉਨਾਂ ਨੇ ਐਧਰੋਂ -ਉਧਰੋਂ ਪਤਾ ਸਤਾ ਕਰ ਲਿਆ। ਰਾਤ ਨੂੰ ਜਦੋਂ ਜਾਗਰ ਸਿੰਘ ਰੋਟੀ ਖਾ ਕੇ ਹਟਿਆ ਤਾ ਭਾਂਡੇ ਚੁੱਕਣ ਆਈ ਪ੍ਰੀਤੋ ਉਹਦੇ ਮੰਜੇ ਦੀ ਪੈਂਦੀ 'ਤੇ ਬੈਠ ਗਈ ਤੇ ਪੁੱਛਣ ਲੱਗੀ,"ਨਾ, ਤੁਸੀਂ ਕੁਸ ਕਰ ਕੇ ਵੀ ਆਏ ਓ ਕਿ ਉਦਾਂ ਈ ਜੁੱਤੀਆਂ ਘਸਾ ਕੇ ਘਰ ਆ ਵੜੇ ?"

"ਨਹੀਂ। ਤੇਰੇ ਸਿਰੋਂ ਪੰਡ ਲਾਹੁਣ ਦਾ ਜੁਗਾੜ ਕਰਕੇ ਆਏ ਆਂ।" ਹੱਥ ਧੋ ਕੇ ਜਾਗਰ ਸਿੰਘ ਨੇ ਮੁੱਛਾਂ ਅਤੇ ਦਾਹੜੀ ਸਾਫ਼ ਕਰਦਿਆਂ ਹੱਥਾਂ ਨਾਲੋਂ ਪਾਣੀ ਛੰਡ ਕੇ ਮੋਂਢੇ 'ਤੇ ਪਰਨੇ ਨਾਲ ਹੱਥ ਸਾਫ਼ ਕਰਦਿਆਂ ਪ੍ਰੀਤੋ ਨੂੰ ਕਿਹਾ।

"ਬਹਿ ਜਾ। ਰਤਾ ਸੁਣ। ਮੁੰਡਾ ਨੌਕਰ ਆ। ਬਿਜਲੀ ਦੇ ਦਫ਼ਤਰ ਵਿੱਚ। ਪੰਜ ਕਿੱਲੇ ਸਿਆੜ ਵੀ ਹੈਗੇ ਆ। ਇਕੋ ਮੁੰਡਾ, ਦੋ ਕੁੜੀਆਂ। ਦੋਵੇਂ ਬਿਆਹੀਆਂ-ਬਰੀਆਂ ਆਪਣੇ ਆਪਣੇ ਘਰੀਂ ਆ। ਬੱਸ ਘਰ ਵਿੱਚ ਤਿੰਨੇ ਟੋਟਰੂ ਆ, ਮਾਂ, ਪੇ ਤੇ ਮੁੰਡਾ। ਜੀਤੀ ਆਪਣੀ ਰਾਜ ਕਰੂ। ਨਾ ਕਿਸੇ ਦੀ ਹਿੜਕ, ਨਾ ਝਿੜਕ, ਸੁਣਿਆ ਬੁੜ੍ਹੀ ਜਾਦਾ ਈ ਭਲੀਮਾਣਸ ਜਨਾਨੀ ਆ।"

"ਚੰਗਾ ਫੇਰ ਖਰਾ ਜਿਹਾ ਦਿਨ ਦੇਖ ਕੇ ਰੁਪੱਈਆ ਫੜਾ ਇਆ।"

ਰਿਸ਼ਤਾ ਹੋ ਗਿਆ। ਡੇਢ ਕੁ ਸਾਲ ਮਗਰੋਂ ਜੀਤੀ ਦਾ ਵਿਆਹ ਹੋ ਗਿਆ। ਹਰਜੀਤ ਦਾ ਪਤੀ ਗੁਰਨਾਮ ਸਿੰਘ ਸੋਹਣੀ ਗੁਜ਼ਾਰੇ ਜੋਗੀ ਤਨਖਾਹ ਲੈਂਦਾ ਸੀ। ਹਰਜੀਤ ਦੇ ਮਾਪਿਆਂ ਨੇ ਹਰ ਲੋੜੀਂਦੀ ਚੀਜ਼ ਉਹਨੂੰ ਦਾਜ ਵਿੱਚ ਦਿੱਤੀ ਸੀ। ਉਂਜ ਵੀ ਗਾਹੇ-ਬਗਾਹੇ ਉਹਦੀ ਹਰ ਲੋੜ ਪੂਰੀ ਕਰ ਦਿੰਦੇ ਸਨ। ਹਰਜੀਤ ਹੋਰਾਂ ਦਾ ਸੋਹਣਾ ਤੋਰਾ ਤੁਰੀ ਗਿਆ।

ਹਰਜੀਤ ਦੇ ਮਨਮੀਤ ਜਨਮੀ ਤਾਂ ਉਨ੍ਹਾਂ ਨੂੰ ਗੁਜ਼ਾਰਾ ਜ਼ਰਾ ਔਖਾ ਹੁੰਦਾ ਲੱਗਾ। ਤਨਖਾਹ ਅਤੇ ਉਹਦੇ ਬਾਪੂ ਦੀ ਖੇਤੀ ਨਾਲ ਰਲ ਕੇ ਗੁਜ਼ਾਰਾ ਹੋਈ ਗਿਆ ਸੀ। ਪਰ ਹੁਣ ਬੱਚੇ ਨਾਲ ਖਰਚਾ ਵੱਧ ਗਿਆ। ਜੀਤੀ ਦੇ ਬਾਪੂ ਦੇ ਗੁਜ਼ਰਨ ਮਗਰੋਂ ਮਾਪਿਆਂ ਵੱਲੋਂ ਵੀ ਦਿਨ ਦੇਸਿਆਂ 'ਤੇ ਹੀ ਕੁੱਝ ਮਿਲਦਾ ਸੀ। ਜੀਤੀ ਦੇ ਵੀਰੇ ਤਾਂ ਉਹਨੂੰ ਤਾਂਘਦੇ ਸੀ। ਉਹ ਤਾਂ ਦੋਵੇਂ ਭਰਾ ਬਹੁਤ ਸਾਊ ਸਨ ਪਰ ਉਨ੍ਹਾਂ ਦੀਆਂ ਤੀਮੀਆਂ ਉਨ੍ਹਾਂ ਦੀ ਇੱਕ ਨਾ ਚੱਲਣ ਦਿੰਦੀਆ। ਵੱਡੀ ਭਾਬੀ ਤਾਂ ਬਾਹਲੀ ਹੀ ਤਿੱਖੀ ਸੀ। ਜਦੋਂ ਵੱਡਾ ਵੀਰਾ ਹਰਜੀਤ ਵੱਲ ਜਾਣ ਦੀ ਗੱਲ ਕਰਦਾ ਤਾਂ ਵੱਡੀ ਦੇ ਮੱਥੇ 'ਤੇ ਸੌ ਵਲ ਪੈ ਜਾਂਦੇ।

"ਨਾ! ਥੁਆਡੀ ਭੈਣ ਜੱਗੋਂ ਬਾਹਰੀ ਆ? ਲੋਕਾਂ ਦੀਆਂ ਭੈਣਾਂ ਨੀ...ਨਾਲੇ ਅਸੀਂ ਨੀ ਕਿਸੇ ਦੀਆਂ ਧੀਆਂ ਭੈਣਾਂ? ਸਾਡੇ ਮਾਪੇ ਟੈਮ ਨਾਲ ਦਿਨ ਦੇਸਿਆਂ 'ਤੇ ਆ ਕੇ ਖੜ੍ਹਦੇ ਆ। ਤੁਸੀਂ ਦੋਵੇਂ ਭਰਾ ਪੈੜ ਨੀ ਮਿਟਣ ਦਿੰਦੇ, ਜਦੇ ਈ ਤੁਰ ਪੈਂਦੇ ਓ, ਜਿੱਦਾਂ ਉਹ ਭੁੱਖਿਆਂ-ਨੰਗਿਆਂ ਦੇ ਬਿਆਈਓ ਆ।"

ਹਰਜੀਤ ਨੂੰ ਆਪਣੀ ਮਾਂ ਰਾਹੀਂ ਭਾਬੀਆਂ ਦੀ ਦੁਰਾਂਡ ਦੀਆਂ ਗੱਲਾਂ ਪੁੱਜਦੀਆਂ ਰਹਿੰਦੀਆਂ ਸਨ। ਮਨਮੀਤ ਨੂੰ ਪੜ੍ਹਨੇ ਪਾਣ ਦਾ ਵੇਲਾ ਆਇਆ ਤਾਂ ਘਰ ਵਿੱਚ ਕਲੇਸ਼ ਹੋਣ ਲਗਾ। ਹਰਜੀਤ ਕਹੇ ਅੰਗਰੇਜ਼ੀ ਸਕੂਲੇ ਪਾਣਾ। ਉਹਨੂੰ ਆਪਣੇ ਘੱਟ ਪੜ੍ਹਨ ਦਾ ਦੁੱਖ ਭੁੱਲਾ ਨਹੀਂ ਸੀ। ਅਜੇ ਵੀ ਉਹਦੀਆਂ ਸਹੇਲੀਆਂ ਜੋ ਕਾਲਜ ਦੀਆਂ ਉਪਰਲੀਆਂ ਜਮਾਤਾਂ ਵਿੱਚ ਪੜ੍ਹਨ ਜਾਂਦੀਆਂ, ਕਦੇ ਮਿਲ ਪੈਂਦੀਆਂ ਤਾਂ ਉਹਨੂੰ ਆਪਣਾ ਆਪ ਬਹੁਤ ਛੋਟਾ ਲੱਗਣ ਲੱਗਦਾ। ਇਸ ਕਰ ਕੇ ਉਹ ਆਪਣੀ ਰੀਝ ਮਨਮੀਤ ਰਾਹੀਂ ਪੂਰੀ ਕਰਨੀ ਚਾਹੁੰਦੀ ਸੀ। ਪਰ ਗੁਰਨਾਮ ਅੰਗਰੇਜ਼ੀ ਨਾਲੋਂ ਸਰਕਾਰੀ ਸਕੂਲ ਨੂੰ ਪਹਿਲ ਦੇ ਰਿਹਾ ਸੀ। ਉਹ ਅੱਡੀਆਂ ਚੁੱਕ ਕੇ ਫਾਹਾ ਨਹੀਂ ਸੀ ਲੈਂਣਾ ਚਾਹੁੰਦਾ। ਉਹ ਹਰਜੀਤ ਨੂੰ ਸਮਝਾਉਂਦਾ, "ਦੇਖ ਮੈਂ ਵੀ ਬਾਰ੍ਹਵੀਂ ਤੱਕ ਸਰਕਾਰੀ ਸਕੂਲੇ ਹੀ ਪੜ੍ਹਿਆਂ, ਮੈਨੂੰ ਵੀ ਤਾਂ ਨੌਕਰੀ ਮਿਲੀ ਓ ਆ। ਹਰਜੀਤ, ਜਿੱਦ ਨਾ ਕਰ, ਆਪਣੀ ਪਹੁੰਚ ਨੀ ਅੰਗਰੇਜ਼ੀ ਸਕੂਲਾਂ ਦੀ ਝਾਲ ਝੱਲਣ ਜੋਗੀ।"

ਪਰ ਮਨਮੀਤ ਕਹੇ, 'ਸਹੇ ਦੀਆਂ ਤਿੰਨੋ ਟੰਗਾਂ, ਚੌਥੀ ਹੈ ਈ ਨੀ। ਦੁਨੀਆਂ ਐਧਰ ਦੀ ਔਧਰ ਹੋ ਜਾਵੇ ਮਨਮੀਤ ਤਾਂ ਅੰਗਰੇਜ਼ੀ ਸਕੂਲ ਹੀ ਪੜ੍ਹੇਗੀ'। ਗੁਰਨਾਮ ਨੇ ਘਰ ਵਿੱਚ ਕਲੇਸ਼ ਪਾਉਂਣ ਨਾਲੋਂ ਹਾਰ ਮੰਨਣੀ ਠੀਕ ਸਮਝੀ। ਡੋਨੇਸ਼ਨ ਦੇਣ ਲਈ ਤਿੰਨ ਕੁ ਹਜ਼ਾਰ ਰੁਪਿਆ ਮਨਮੀਤ ਦੇ ਸ਼ਗਨਾਂ ਵਗੈਰ ਦਾ ਇੱਕਠਾ ਹੋਇਆ ਪਿਆ ਸੀ। ਉਹਦੇ ਨਾਲ ਹੀ ਸਰ ਗਿਆ। ਸ਼ਹਿਰ ਦੇ 'ਹੋਲੀ ਹਰਟ' ਸਕੂਲ ਵਿੱਚ ਮਨਮੀਤ ਨੂੰ ਪੜ੍ਹਨੇ ਪਾ ਦਿੱਤਾ। ਮਹੀਨੇ ਦੀ ਫ਼ੀਸ ਅਤੇ ਵੈਨ ਦਾ ਕਿਰਾਇਆ ਮਿਲਾ ਕੇ ਤਿੰਨ ਸੋ ਰੁਪਿਆ ਮਹੀਨਾ ਖ਼ਰਚਾ ਹੋਣ ਲਗਿਆ।

ਦੋ ਕੁ ਸਾਲ ਲੱਘੇ। ਗੁਰਨਾਮ ਆਰਥਿਕ ਤੰਗੀ ਕਾਰਨ ਬੇਚੈਨ ਰਹਿਣ ਲੱਗਾ। ਆਮਦਨ ਸੀਮਤ ਸੀ, ਖ਼ਰਚੇ ਵੱਧਦੇ ਗਏ। ਗੁਰਨਾਮ ਹੋਰੀਂ ਵੀ ਬੱਚੀ ਦੀ ਪੜ੍ਹਾਈ ਕਾਰਨ ਸ਼ਹਿਰ ਹੀ ਰਹਿਣ ਲੱਗ ਪਏ। ਰਾਸ਼ਨ-ਪਾਣੀ ਤਾਂ ਪਿੰਡੋਂ ਲੈ ਜਾਂਦੇ, ਪਰ ਸ਼ਹਿਰ ਦੇ ਹੋਰ ਹੀ ਖਰਚੇ ਬਹੁਤ ਸਨ। ਗੁਰਨਾਮ ਆਪਣੇ ਮਾਪਿਆਂ ਦਾ ਸਹਾਰਾ ਨਹੀਂ ਬਣ ਸਕਿਆ। ਇਸ ਗੱਲ ਦਾ ਝੋਰਾ ਉਹਨੂੰ ਦਿਨ ਰਾਤ ਖਾਣ ਲੱਗਾ। ਉਹ ਹਰ ਵੇਲੇ ਮਾਨਸਿਕ ਪਰੇਸ਼ਾਨੀ ਵਿੱਚ ਰਹਿੰਦਾ।

ਇੱਕ ਦਿਨ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਡੁੱਬਿਆ ਉਹ ਦਫ਼ਤਰ ਤੋਂ ਆ ਰਿਹਾ ਸੀ। ਪਿੱਛੋਂ ਆਉਂਦੇ ਟੱਰਕ ਦਾ ਹੋਰਨ ਉਹਨੂੰ ਨਹੀਂ ਸੁਣਿਆ। ਤੇਜ਼ ਰਫ਼ਤਾਰ ਨਾਲ ਆਉਂਦੇ ਟੱਰਕ ਨੇ ਗੁਰਨਾਮ ਨੂੰ ਸਣੇ ਸਾਈਕਲ ਪਟਕਾ ਕੇ ਮਾਰਿਆ। ਡਿਗਦਿਆਂ ਸਾਰ ਹੀ ਉਹਦੇ ਸਿਰ ਵਿੱਚ ਸੱਟ ਵੱਜੀ ਤੇ ਉਹ ਸਦਾ ਲਈ ਅੱਖਾਂ ਮੀਟ ਗਿਆ। ਆਲੇ-ਦੁਆਲੇ ਦੇ ਲੋਕ ਇੱਕਠੇ ਹੋ ਗਏ। ਉਹਦਾ ਪਛਾਣ ਪੱਤਰ ਕੱਢ ਕੇ ਪਹਿਲਾਂ ਉਹਦੇ ਦਫ਼ਤਰ, ਫਿਰ ਘਰ ਖਬਰ ਕਰ ਦਿੱਤੀ।

ਹਰਜੀਤ ਅਚਨਚੇਤੀ ਗੁਰਨਾਮ ਦੀ ਮੌਤ ਨਾਲ ਪਾਗਲ ਹੋ ਗਈ। ਪੱਥਰ ਬਣ ਗਈ। ਉਹਨੂੰ ਰੋਣਾ ਨਹੀਂ ਸੀ ਆ ਰਿਹਾ, ਅੱਖਾਂ ਪੱਥਰ ਬਣ ਗਈਆਂ। ਡੌਰ ਭੌਰ ਹੋਈ ਪਈ ਸੀ। ਉਹਦਾ ਵਸਦਾ ਜਹਾਨ ਉੱਜੜ ਗਿਆ ਸੀ। ਪੋਸਟ ਮਾਰਟਮ ਬਾਅਦ ਲਾਸ਼ ਪਿੰਡ ਲਿਆਂਦੀ ਗਈ। ਗੁਰਨਾਮ ਦੇ ਮਾਪੇ ਪਾਗਲਾਂ ਵਾਂਗ ਕੰਧਾਂ ਵਿੱਚ ਸਿਰ ਮਾਰ ਰਹੇ ਸਨ। ਭੈਣਾਂ ਛਾਤੀਆਂ ਪਿੱਟ ਪਿੱਟ ਕਮਲੀਆਂ ਹੋ ਰਹੀਆਂ ਸਨ। ਉਹਨਾਂ ਦਾ ਤਾਂ ਸਭ ਕੁੱਝ ਲੁੱਟਿਆ ਗਿਆ ਸੀ। ਮਾਪਿਆਂ ਦੀ ਜੜ੍ਹ ਹੀ ਪੁੱਟੀ ਗਈ, ਪਰ ਡਾਢੇ ਰੱਬ ਅੱਗੇ ਕਿਸ ਦਾ ਜ਼ੋਰ! ਹਰੇਕ ਉਨਾਂ ਨੂੰ ਦਿਲਬਰੀਆਂ ਦੇ ਰਿਹਾ ਸੀ।

ਸੰਸਕਾਰ ਮੌਕੇ ਗੁਰਨਾਮ ਦੇ ਦਫ਼ਤਰੋਂ ਅਫ਼ਸਰ ਵੀ ਆਏ। ਉਹਦੇ ਸਾਥੀ ਵੀ ਆਏ। ਉਨਾਂ ਨੇ ਵੀ ਬਜ਼ੁਰਗਾਂ ਨੂੰ ਅਤੇ ਹਰਜੀਤ ਨੂੰ ਦਿਲਬਰੀਆਂ ਦਿੱਤੀਆਂ। ਸਭ ਨੇ ਵਿਧਵਾ ਹਰਜੀਤ ਨੂੰ ਹਰ ਪੱਖੋਂ ਮਦਦ ਕਰਨ ਦੀ ਹਾਮੀ ਭਰੀ ਅਤੇ ਚਲੇ ਗਏ। ਮੁਕਾਣਾਂ ਆਉਂਦੀਆਂ ਰਹੀਆਂ। ਪਿੱਟ ਸਿਆਪੇ ਹੁੰਦੇ ਰਹੇ। ਹਰਜੀਤ ਚੁੱਪ ਚਾਪ ਬੈਠੀ ਦੇਖਦੀ ਰਹਿੰਦੀ। ਉਹਨੂੰ ਭਵਿੱਖ ਦੀ ਬੁੱਕਲ ਵਿੱਚ ਹੱਥ ਮਾਰਿਆ ਹਨ੍ਹੇਰੇ ਤੋਂ ਸਿਵਾ ਕੁੱਝ ਨਹੀਂ ਸੀ ਦਿਸਦਾ। ਗੁਰਨਾਮ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸਾਰੇ ਰਿਸ਼ਤੇਦਾਰ, ਮਿੱਤਰ, ਦੋਸਤ ਅਤੇ ਦਫ਼ਤਰ ਦੇ ਅਫ਼ਸਰ ਆਦਿ ਸਭ ਆਏ। ਭੋਗ ਪੈ ਗਿਆ। ਗੁਰਨਾਮ ਦੀ ਆਤਮਿਕ ਸ਼ਾਂਤੀ ਲਈ ਅਰਦਾਸਾਂ ਹੋਈਆਂ। ਪਰਿਵਾਰ ਨੂੰ ਭਾਣਾ ਮੰਨਣ ਦੀਆਂ ਦਿਲਬਰੀਆਂ ਦਿੱਤੀਆਂ ਗਈਆਂ। ਭੋਗ ਤੋਂ ਬਾਅਦ

ਸਾਰੇ ਰਿਸ਼ਤੇਦਾਰ ਇੱਕ ਇੱਕ ਕਰਕੇ ਵਿਦਾ ਹੋ ਗਏ। ਗੁਰਨਾਮ ਦੇ ਦਫ਼ਤਰ ਦੇ ਐੱਸ.ਡੀ.ਓ. ਸਾਹਿਬ ਗੁਰਨਾਮ ਦੇ ਬਾਪੂ ਜੀ ਨੂੰ ਇੱਕ ਪਾਸੇ ਲਿਜਾ ਕੇ ਬੈਠ ਗਏ। ਉਹ ਬਜ਼ੁਰਗ ਨੂੰ ਹੌਂਸਲਾ ਦੇ ਰਹੇ ਸਨ।

"ਬਾਪੂ ਜੀ! ਅਸੀਂ ਛੇਤੀਂ ਹੀ ਗੁਰਨਾਮ ਦਾ ਸਾਰਾ ਹਿਸਾਬ-ਕਿਤਾਬ ਕਰਕੇ ਪੈਸੇ ਤੁਹਾਨੂੰ ਪਹੁੰਚਾ ਦਿਆਂਗੇ। ਟਰੱਕ ਵਾਲੇ ਉੱਤੇ ਕੇਸ ਬਣ ਗਿਆ ਹੈ, ਉਸ ਪਾਸੋਂ ਵੀ ਕਲੇਮ ਦੁਆਉਣ ਦੀ ਕੋਸ਼ਿਸ਼ ਕਰਾਂਗੇ ।"

ਉੱਥੇ ਹੀ ਹਰਜੀਤ ਨੂੰ ਵੀ ਬੁਲਾਇਆ ਗਿਆ ਅਤੇ ਕੁੱਝ ਜ਼ਰੂਰੀ ਕਾਗਜ਼ਾਂ ਉੱਤੇ ਦਸਤਖ਼ਤ ਕਰਨ ਲਈ ਵੀ ਕਿਹਾ ਗਿਆ। ਕਾਗਜ਼ ਅੰਗਰੇਜ਼ੀ ਵਿੱਚ ਸਨ। ਦੇਖਦਿਆਂ ਸਾਰ ਹਰਜੀਤ ਬੋਲੀ, "ਜੀ ਮੈਨੂੰ ਤਾਂ ਸਮਝ ਨਹੀਂ ਆਉਂਦੀ ਕੀ ਲਿਖਿਆ ਹੋਇਆ , ਤੁਸੀ ਹੀ ਦੱਸ ਦਿਓ ਮੈਂ ਕਿੱਥੇ ਦਸਤਖ਼ਤ ਕਰਾਂ ?"

ਐੱਸ. ਡੀ. ਓ. ਕਦੀ ਹਰਜੀਤ ਵੱਲ ਦੇਖ ਰਿਹਾ ਸੀ, ਕਦੀ ਕਾਗਜ਼ਾਂ ਵੱਲ। ਅੰਗਰੇਜ਼ੀ ਸਕੂਲ ਵਿੱਚ ਬੇਟੀ ਪੜ੍ਹਾਉਣ ਵਾਲੀ ਨੂੰ ਆਪੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ। ਉਹ ਇਸ ਦੁਬਿਧਾ ਵਿੱਚ ਸਨ। ਉਹ ਕਾਗਜ਼ ਗੁਰਨਾਮ ਦੀ ਥਾਂ 'ਤੇ ਹਰਜੀਤ ਦੀ ਨੌਕਰੀ ਦੇ ਸਨ। ਉਨ੍ਹਾਂ ਨੂੰ ਤਾਂ ਅੰਦਾਜ਼ਾ ਹੀ ਨਹੀ ਸੀ ਕਿ ਹਰਜੀਤ ਦਸਵੀਂ ਨਹੀਂ ਪੜ੍ਹੀ ਹੋਵੇਗੀ।

ਕੱਖੋਂ ਹੋਲੀ ਹੋਈ ਹਰਜੀਤ ਕਦੀ ਐੱਸ. ਡੀ. ਓ. ਸਾਹਿਬ ਵੱਲ ਦੇਖ ਰਹੀ ਸੀ. ਕਦੀ ਕਾਗਜ਼ਾਂ ਵੱਲ। ਕੁੱਝ ਵੀ ਹੱਥ ਪੱਲੇ ਨਹੀਂ ਸੀ ਰਿਹਾ। ਉਹ ਮਨਮੀਤ ਨੂੰ ਬੁੱਕਲ ਵਿੱਚ ਲੈ ਕੇ ਥਾਈਂ ਰੋ ਪਈ।

* * * * *

## ਜਿੱਤ ਦੀ ਵਧਾਈ

ਭਾਰਤ ਨੇ ਪਿਛਲੇ 14 ਸਾਲਾਂ ਦੇ ਲਗਾਤਾਰ ਚੈਂਪੀਅਨ ਇੰਡੋਨੇਸ਼ੀਆ ਨੂੰ ਹਰਾ ਕੇ 73 ਸਾਲ ਬਾਅਦ ਪਹਿਲੀ ਵਾਰ ਬੈਡਮਿੰਟਨ ਦਾ ਥਾਮਸ ਕੱਪ ਜਿੱਤ ਕੇ ਇਤਿਹਾਸ ਰਚਿਆ ਹੈ। ਬੈਡਮਿੰਟਨ ਪ੍ਰੇਮੀ ਸਰ ਜਾਰਜ ਥਾਮਸ ਵਲੋਂ ਸਾਲ 1948-49 ਵਿੱਚ ਸ਼ੁਰੂ ਕਰਵਾਇਆ ਇਹ ਕੱਪ ਹਰ ਦੋ ਸਾਲ ਬਾਅਦ ਹੁੰਦਾ ਹੈ। ਇਸ ਜਿੱਤ ਦੇ ਨਾਇਕ ਸ਼ਟਲਰ ਕੇਂਦਾਬੀ ਸ਼੍ਰੀਕਾਂਤ, ਲਕਸ਼ਯ ਸੇਨ, ਚਿਰਾਗ ਸ਼ੈਟੀ ਅਤੇ ਸਾਤਵਿਕਸਾਈਰਾਜ ਰੈਕੀਰੈਡੀ ਵਧਾਈ ਦੇ ਪਾਤਰ ਹਨ। ਦੇਸ਼ ਨੂੰ ਇਨ੍ਹਾਂ ਖਿਡਾਰੀਆਂ 'ਤੇ ਅੰਤਾਂ ਦਾ ਮਾਣ ਹੈ।


## ਦਾਨੀ ਸੱਜਣ ਦਾ ਧੰਨਵਾਦ

ਸੈਣੀ ਭਵਨ ਰੋਪੜ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸ਼੍ਰੀ ਜਗਦੇਵ ਸਿੰਘ ਦੇ ਰਿਸ਼ਤੇਦਾਰ ਬਠਿੰਡਾ ਵਾਸੀ ਸ਼੍ਰੀ ਰਾਜਿੰਦਰ ਸਿੰਘ ਨੇ ਇਸ ਸੰਸਥਾ ਵਿੱਚ ਸਿਲਾਈ -ਕਢਾਈ ਦੀ ਸਿੱਖਿਆ ਹਾਸਲ ਕਰ ਰਹੀ ਲੋੜਵੰਦ ਸਿਖਿਆਰਥਣ ਨੂੰ ਸਿਲਾਈ ਮਸ਼ੀਨ ਭੇਂਟ ਕੀਤੀ ਹੈ। ਇਸ ਦਾਨੀ ਸੱਜਣ ਦਾ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਧੰਨਵਾਦ।

## ਸੈਣੀ ਸਮਾਚਾਰ



- ਸੈਣੀ ਵੈਲਫ਼ੇਅਰ ਸੁਸਾਇਟੀ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਪ੍ਰਸਤ ਤੇ **ਉੱਘੇ ਸਮਾਜਸੇਵੀ ਸ. ਭਾਗ ਸਿੰਘ ਪਾਬਲਾ** ਜੋ ਕਿ ਕੁੱਝ ਦਿਨ ਪਹਿਲਾਂ 101 ਸਾਲ ਦੀ ਉਮਰ ਭੋਗ ਕੇ ਕੈਨੇਡਾ ਵਿਖੇ ਅਕਾਲਚਲਾਣਾ ਕਰ ਗਏ ਸਨ, ਨਮਿਤ ਸ਼ਰਧਾਂਜਲੀ ਸਮਾਗਮ ਸੈਣੀ ਭਵਨ ਮਾਹਿਲਪੁਰ ਵਿਖੇ 11 ਜੂਨ, 2022 ਨੂੰ ਕਰਵਾਇਆ ਗਿਆ। ਇਸ ਸਮੇਂ ਸੰਸਥਾ ਦੇ ਪ੍ਰਧਾਨ ਸ. ਮਨਜੀਤ ਸਿੰਘ ਪੰਜੌੜ, ਡਾ. ਪਰਵਿੰਦਰ ਸਿੰਘ ਸੈਣੀ, ਸ. ਬਲਬੀਰ ਸਿੰਘ ਝੰਜੋਵਾਲ ਤੇ ਹੋਰ ਹਾਜ਼ਰ ਮੈਂਬਰਾਂ ਵਲੋਂ ਭਾਗ ਸਿੰਘ ਜੀ ਦੀ ਫੋਟੋ ਅੱਗੇ ਫੁੱਲ ਭੇਂਟ ਕਰ ਕੇ ਸ਼ਰਧਾਜਲੀ ਭੇਟ ਕੀਤੀ ਗਈ। ਇਸ ਸਮੇਂ ਭਿੰਨ ਭਿੰਨ ਬੁਲਾਰਿਆਂ ਨੇ ਸਵਰਗੀ ਪਾਬਲਾ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਉਨ੍ਹਾਂ ਦੇ ਪਰਿਵਾਰ ਨੇ ਸੁਸਾਇਟੀ ਨੂੰ 25 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ।



- ਚੰਡੀਗੜ੍ਹ ਦੇ ਵਿਸ਼ਵ ਪ੍ਰਸਿੱਧ ਰਾਕ ਗਾਰਡਨ ਦੇ ਨਿਰਮਾਤਾ ਅਤੇ ਨਿਰਦੇਸ਼ਨ ਸਵਰਗੀ **ਪਦਮ ਸ਼੍ਰੀ ਨੇਕ ਚੰਦ ਸੈਣੀ ਜੀ** ਦੀ 7ਵੀਂ ਬਰਸੀ 12 ਜੂਨ 2022 ਨੂੰ ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਗਈ। ਇਸ ਸਮੇਂ ਚੰਡੀਗੜ੍ਹ ਦੇ ਹੋਮ ਸੈਕਟਰੀ ਤੇ ਰਾਕ ਗਾਰਡਨ ਸੁਸਾਇਟੀ ਦੇ ਚੇਅਰਮੈਨ ਸ਼੍ਰੀ ਨਿਤਨ ਕੁਮਾਰ ਯਾਦਵ ਆਈ.ਏ.ਐਸ ਨੇ ਸਵਰਗੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਮਾਗਮ ਦਾ ਆਰੰਭ ਗਾਇਕ ਕੁਲਬੀਰ ਸੈਣੀ ਦਾ ਭਜਨ ਨਾਲ ਹੋਇਆ। ਇਸ ਸਮੇਂ ਸਵਰਗਵਾਸੀ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।



- ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਜ਼ਦੀਕੀ **ਸੁਤੰਤਰਤਾ ਸੰਗ੍ਰਾਮੀ ਸ਼੍ਰੀ ਅਜੀਤ ਸੈਣੀ ਜੀ** ਦੇ ਸੰਘਰਸ਼ਮਈ ਜੀਵਨ ਨੂੰ ਦਰਸਾਉਂਦੀ ਫਿਲਮ, ' ਕੈਪਟਨ ਅਜੀਤ ਸੈਣੀ- ਆਈ.ਐਨ.ਏ. ਅਨਟੋਲਡ ਸਟੋਰੀ ਆਫ ਫਰੀਡਮ ਸਟਰੱਗਲ' 10 ਜੂਨ, 2022 ਨੂੰ ਤਾਮਿਲਨਾਡੂ ਦੇ ਰਾਜ ਭਵਨ ਵਿਖੇ ਰਾਜਪਾਲ ਸ਼੍ਰੀ ਰਵਿੰਦਰ ਨਰਾਇਣ ਨੇ ਰਿਲੀਜ਼ ਕੀਤੀ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਜਲੰਧਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਅਜੀਤ ਸੈਣੀ ਜੀ ਦੇ ਸਪੁੱਤਰ ਸ਼੍ਰੀ ਸੁਰਿੰਦਰ ਸੈਣੀ ਜੀ ਦਾ ਸਨਮਾਨ ਕੀਤਾ ਗਿਆ। ਇਸ ਸਨਮਾਨ ਨਾਲ ਸਾਰੀ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

## ਸਫ਼ਲ ਸੈਣੀ ਸ਼ਖ਼ਸ਼ੀਅਤਾਂ

### ਮਾਡਲ ਸ਼ਿਵਾਨੀ ਸੈਣੀ



ਸੈਣੀ ਬਰਾਦਰੀ ਦੀ ਇਹ ਮੁਟਿਆਰ ਪ੍ਰਸਿੱਧ ਭਾਰਤੀ ਐਕਟ੍ਰੈਸ ਅਤੇ ਮਾਡਲ ਹੈ। ਉਸ ਦਾ ਜਨਮ 31 ਦਸੰਬਰ, 1992 ਨੂੰ ਚੰਡੀਗੜ੍ਹ ਵਿਖੇ ਸ੍ਰੀ ਰਾਜਿੰਦਰ ਸੈਣੀ ਅਤੇ ਸ਼੍ਰੀਮਤੀ ਮੰਜੂ ਦੇ ਮੱਧਵਰਗੀ ਪਰਿਵਾਰ ਵਿਚ ਹੋਇਆ। ਉਸ ਦਾ ਇੱਕ ਭਰਾ ਅਭਿਸ਼ੇਕ ਹੈ। ਉਸ ਨੇ ਇੰਟਰਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਡਿਜ਼ਾਇਨ ਚੰਡੀਗੜ੍ਹ ਤੋਂ ਫੈਸ਼ਨ ਡਿਜ਼ਾਇਨ ਦੀ ਗ੍ਰੈਜੂਏਸ਼ਨ ਕੀਤੀ। ਉਸ ਨੇ ਕੁੱਝ ਸਮਾਂ ਫੈਸ਼ਨ ਡਿਜ਼ਾਇਨਰ ਵਜੋਂ ਵੀ ਕੰਮ ਕੀਤਾ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2014 ਵਿੱਚ ਹੈਰੀ ਬਾਵੇਜਾ ਦੀ ਪੰਜਾਬੀ ਫਿਲਮ ' ਹੈਪੀ ਗੋ ਲੱਕੀ' ਤੋਂ ਕੀਤੀ। ਇਸ ਵਿੱਚ ਮਿਲੀ ਸਫਲਤਾ ਕਾਰਨ ਉਸ ਨੂੰ 2016 ਵਿੱਚ ਐਸ਼ਵਰਯਾ ਬੱਚਨ , ਰਨਦੀਪ ਹੁੱਡਾ ਅਤੇ ਰਿਚਾ ਚੱਡ੍ਹਾ ਨਾਲ ਹਿੰਦੀ ਫਿਲਮ 'ਸਰਬਜੀਤ' ਵਿੱਚ ਸਵਪਨ ਦੇ ਰੂਪ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨੇ 2018 ਵਿੱਚ ਬਣੀ ਅੰਗਰੇਜ਼ੀ ਫਿਲਮ '5 ਵੈਡਿੰਗਜ਼' ਵਿੱਚ ਦੇਵਕਾ ਦੀ ਭੂਮਿਕਾ ਸਫਲਤਾਪੂਰਬਕ ਨਿਭਾਈ। ਇਸ ਪ੍ਰਕਾਰ ਸ਼ਿਵਾਨੀ ਸੈਣੀ ਲਗਾਤਾਰ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੀ ਗਈ। ਉਸ ਨੇ 2020 ਵਿੱਚ ਹਿੰਦੀ ਫਿਲਮ 'ਜੈ ਮੰਮੀ ਦੀ' ਵਿੱਚ ਸ਼ਰੁਤੀ ਦਾ ਰੋਲ ਅਦਾ ਕੀਤਾ। ਇਸ ਸਾਲ ਹੀ ਉਸ ਨੇ ਪੰਜਾਬੀ ਫਿਲਮ 'ਇੱਕੋ ਮਿੱਕੀ' ਵਿੱਚ ਸਤਿੰਦਰ ਸਰਤਾਜ ਨਾਲ ਸਫਲਤਾਪੂਰਬਕ ਕੰਮ ਕੀਤਾ ਹੈ।

ਸ਼ਿਵਾਨੀ ਸੈਣੀ ਨੂੰ ਬਾਈਕਿੰਗ ਦਾ ਬਹੁਤ ਸ਼ੌਕ ਹੈ ਅਤੇ ਉਸ ਨੇ ਮਾਰਸ਼ਲ ਆਰਟਸ ਵਿੱਚ ਸਿਖਲਾਈ ਹਾਸਲ ਕੀਤੀ ਹੋਈ ਹੈ। ਐਕਟਿੰਗ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਉਸ ਨੇ ਲੁਧਿਆਣਾ ਵਿਖੇ ਇੱਕ ਐਕਸਪੋਰਟ ਹਾਊਸ ਵਿੱਚ ਵੀ ਕੰਮ ਕੀਤਾ। ਉਸ ਨੇ ਕਈ ਪੰਜਾਬੀ ਗਾਣਿਆਂ, ਟੀ.ਵੀ ਪ੍ਰੋਗਰਾਮਾਂ ਅਤੇ ਪ੍ਰਸਿੱਧੀ ਦੇ ਇਸ਼ਤਿਹਾਰਾਂ ਵਿੱਚ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ ਹੈ। ਸੰਨ 2012 ਦੇ ਕਲਮੇ ਫੈਸ਼ਨ ਵੀਕ ਦੌਰਾਨ ਉਸ ਨੇ ਯੁਵਾ ਪੁਰਸਕਾਰ ਜੇਤੂ ਚਕਰੇਸ਼ ਕੁਮਾਰ ਅਤੇ ਉਸ ਦੇ ਅਲੰਕਾਰ ਥਿਏਟਰ ਗਰੁੱਪ ਨਾਲ ਥੀਏਟਰ ਵਿੱਚ ਕੰਮ ਕੀਤਾ। ਉਹ ਆਪਣੇ ਐਕਟਿੰਗ ਕਰੀਅਰ ਦੌਰਾਨ ਇੱਕ ਵਾਰ ਭਿਖਾਰੀ ਦਾ ਰੋਲ ਕਰਨ ਦੀ ਤਮੰਨਾ ਰਖਦੀ ਹੈ। ਉਸ ਦਾ ਕਹਿਣਾ ਹੈ ਕਿ 'ਮਾਂ ਉਸ ਦੀ ਸਭ ਤੋਂ ਵੱਡੀ ਸਮਰਥਕ ਹੈ'।

### ਤੀਰਅੰਦਾਜ਼ ਅਮਨ ਸੈਣੀ



ਦਿੱਲੀ ਦੇ ਜੰਮਪਲ 25 ਸਾਲਾ ਅਮਨ ਸੈਣੀ ਨੇ ਦੱਖਣੀ ਕੋਰੀਆ ਵਿਖੇ ਮਈ 2022 ਵਿੱਚ ਆਯੋਜਿਤ ਵਿਸ਼ਵ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਸੋਨ ਤਮਗਾ ਹਾਸਲ ਕਰ ਕੇ ਦੇਸ਼ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਉਸ ਦਾ ਜਨਮ 15 ਜੁਲਾਈ, 1997 ਨੂੰ ਹੋਇਆ। ਅਮਨ ਸੈਣੀ ਨੇ ਸਕੂਲ ਦੀ ਪੜ੍ਹਾਈ ਰਿਚਮੈਂਡ ਸਕੂਲ ਦਿੱਲੀ ਤੋਂ ਕੀਤੀ ਅਤੇ ਹੁਣ ਦੀਨ ਦਿਆਲ ਉਪਾਧਿਆ ਕਾਲਜ ਦਿੱਲੀ ਯੂਨੀਵਰਸਿਟੀ ਵਿੱਚ ਬੀ.ਏ. ਦਾ ਵਿਦਿਆਰਥੀ ਹੈ। ਉਸ ਨੇ ਤੀਰਅੰਦਾਜ਼ੀ ਦੀ ਸਿਖਲਾਈ ਕੋਚ ਸੁਰਿੰਦਰ ਸਿੰਘ ਤੋਂ ਹਾਸਲ ਕੀਤੀ। ਉਸ ਨੇ 2018 ਵਿੱਚ ਜਕਾਰਤਾ ਵਿਖੇ ਹੋਈਆਂ ਏਸ਼ੀਅਨ ਖੇਡਾਂ ਵਿੱਚ ਚਾਂਦੀ ਦਾ ਤਮਗਾ ਅਤੇ 2021 ਦੀ ਏਸ਼ੀਅਨ ਚੈਂਪੀਅਨ ਵਿੱਚ ਤਮਗਾ ਹਾਸਲ ਕੀਤਾ ਸੀ। ਹੁਣ ਤੱਕ ਉਹ 25 ਤੋਂ ਵੱਧ ਤਮਗੇ ਲੈਣ ਵਿੱਚ ਸਫ਼ਲ ਹੋ ਚੁੱਕਾ ਹੈ। ਅਮਨ ਸੈਣੀ ਇਸ ਖੇਡ ਦੀਆਂ ਬੁਲੰਦੀਆਂ ਛੂਹਣ ਦੇ ਸਮਰੱਥ ਹੈ। ਪਰਮਾਤਮਾ ਉਸ ਨੂੰ ਸ਼ਕਤੀ ਤੇ ਤਕਨੀਕ ਦੀ ਬਖਸ਼ਿਸ਼ ਕਰੇ।

### ਲੈਫ਼ਟੀਨੈਂਟ ਰੋਹਿਤ ਸੈਣੀ



ਰੂਪਨਗਰ ਜ਼ਿਲ੍ਹੇ ਵਿੱਚ ਮੁਕਾਰੀ ਪਿੰਡ ਦੇ ਰੋਹਿਤ ਸੈਣੀ ਨੇ ਭਾਰਤੀ ਥਲ ਸੈਨਾ ਵਿੱਚ ਲੈਫ਼ਟੀਨੈਂਟ ਦਾ ਅਹੁਦਾ ਹਾਸਲ ਕਰ ਕੇ ਆਪਣੇ ਪਰਿਵਾਰ ਅਤੇ ਸੈਣੀ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਉਹ ਸ੍ਰੀ ਭਜਨ ਲਾਲ ਦੇ ਸਪੁੱਤਰ ਹਨ ਜੋ ਇਸ ਸਮੇਂ ਰੋਪੜ ਮਿਊਂਸਪਲ ਕਮੇਟੀ ਦੇ ਕਾਰਜਕਾਰੀ ਅਧਿਕਾਰੀ ਹਨ। ਰੋਹਿਤ ਨੇ ਸਕੂਲੀ ਸਿੱਖਿਆ ਸ਼ਿਵਾਲਿਕ ਸਕੂਲ ਰੋਪੜ ਤੋਂ ਹਾਸਲ ਕੀਤੀ ਅਤੇ ਬੀ.ਐਸ.ਸੀ ਦੀ ਪੜ੍ਹਾਈ ਲਈ ਦਿੱਲੀ ਵਿਖੇ ਸੇਂਟ ਸਟੀਫ਼ਨ ਕਾਲਜ ਵਿੱਚ ਦਾਖਲਾ ਲੈ ਲਿਆ ਜਿੱਥੇ ਉਹ ਐਨ.ਡੀ. ਏ ਲਈ ਚੁਣ ਲਿਆ ਗਿਆ। ਉਸ ਨੇ 11 ਜੂਨ 2022 ਨੂੰ ਦਿਹਰਾਦੂਨ ਵਿਖੇ ਇੰਡੀਅਨ ਮਿਲਟਰੀ ਅਕੈਡਮੀ ਤੋਂ ਚਾਰ ਸਾਲ ਦੀ ਸਿਖਲਾਈ ਪੂਰੀ ਕਰ ਕੇ ਸੈਨਾ ਅਧਿਕਾਰੀ ਦਾ ਅਹੁਦਾ ਸੰਭਾਲ ਲਿਆ ਹੈ। ਉਸ ਦੇ ਪਰਿਵਾਰ ਨੂੰ ਸੈਣੀ ਭਵਨ ਰੋਪੜ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ।

ਸਮੇਂ ਦੀ ਮਾਰ

# ਹੁਣ ਨਹੀਂ ਵੱਸਦਾ ਪਿੰਡਾਂ ਵਿੱਚ ਰੱਬ

ਗੁਰਚਰਨ ਸਿੰਘ ਨੂਰਪੁਰ

ਸਮਾਜ ਦਾ ਸੱਭਿਆਚਾਰ ਲਗਾਤਾਰ ਤੇਜ਼ੀ ਨਾਲ ਬਦਲਣ ਵਾਲਾ ਵਰਤਾਰਾ ਹੈ। ਤਕਨੀਕੀ ਵਿਕਾਸ ਵਿੱਚ ਹੋਏ ਇਨਕਲਾਬ ਨਾਲ ਮਨੁੱਖ ਦੀ ਵਰਤੋਂ ਦੀਆਂ ਚੀਜ਼ਾਂ ਤੇਜ਼ੀ ਨਾਲ ਬਦਲੀਆਂ ਹਨ। ਵਸਤਾਂ ਦਾ ਬਦਲਾਅ ਮਨੁੱਖੀ ਵਿਹਾਰ ਨੂੰ ਵੀ ਉੰਨੀ ਹੀ ਤੇਜ਼ੀ ਨਾਲ ਤਬਦੀਲ ਕਰਦਾ ਹੈ। ਤਬਦੀਲੀ ਦੇ ਇਸ ਵਰਤਾਰੇ ਨੂੰ ਜੇਕਰ ਅਸੀਂ ਪੰਜਾਬੀ ਸਮਾਜ ਦੇ ਸੰਦਰਭ ਵਿੱਚ ਵੇਖੀਏ ਤਾਂ ਇੱਥੇ ਹਰੇ, ਚਿੱਟੇ ਇਨਕਲਾਬ ਅਤੇ ਇਸ ਤੋਂ ਬਾਅਦ ਦੇ ਦੌਰ ਨੂੰ ਵੱਡੀਆ ਤਬਦੀਲੀਆਂ ਦਾ ਦੌਰ ਕਿਹਾ ਜਾ ਸਕਦਾ ਹੈ। ਜਿਸ ਨਾਲ ਪੰਜਾਬੀ ਲੋਕਾਂ ਦਾ ਰਹਿਣ -ਸਹਿਣ, ਸੁਭਾਅ, ਖਾਣ-ਪੀਣ ਅਤੇ ਰਸਮਾਂ ਤੇਜ਼ੀ ਨਾਲ ਤਬਦੀਲ ਹੋਈਆਂ। ਖੇਤੀ ਦੇ ਸੰਦ ਅਤੇ ਇਸ ਦੇ ਨਾਲ ਜੁੜੇ ਕੰਮਕਾਜ, ਆਵਾਜਾਈ ਦੇ ਸਾਧਨ, ਵਿਆਹ-ਸ਼ਾਦੀ ਦੀਆਂ ਰਸਮਾਂ, ਇੱਕ ਕਿਸਾਨ ਅਤੇ ਘਰ ਵਿੱਚ ਕੰਮ ਕਰਦੀ ਸੁਆਣੀ ਦੇ ਰੁਝੇਵੇਂ ਆਦਿ ਸਭ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇਜ਼ੀ ਨਾਲ ਤਬਦੀਲ ਹੋਏ ।

ਪੰਜਾਬੀ ਸਮਾਜ ਦੀ ਇਹ ਵਿਸ਼ੇਸ਼ਤਾ ਹੈ ਕਿ ਪੰਜਾਬ ਦੇ ਲੋਕ ਮਿਹਨਤੀ ਲੋਕਾਂ ਵਜੋਂ ਜਾਣੇ ਜਾਂਦੇ ਹਨ ਜੋ ਦੂਜਿਆਂ ਪ੍ਰਤੀ ਸਨੇਹ ਅਤੇ ਸਬਰ ਸੰਤੋਖ ਵਾਲੇ ਜੀਵਨ ਨੂੰ ਤਰਜੀਹ ਦਿੰਦੇ ਹਨ। ਪਰ ਅੱਜ ਮੰਡੀ ਦੀਆਂ ਮੁਨਾਫਾਖੋਰੂ ਨੀਤੀਆਂ ਨੂੰ ਇਸ ਕਦਰ ਭਾਰੂ ਬਣਾ ਦਿੱਤਾ ਹੈ ਕਿ ਸਮਾਜ ਦੀ ਬਹੁਗਿਣਤੀ ਦਾ ਵਿਵਹਾਰ ਬਾਜ਼ਾਰਮੁਖੀ ਹੋ ਕੇ ਰਹਿ ਗਿਆ ਹੈ। ਸਰਕਾਰਾਂ ਦੀ ਖੇਤੀ ਪ੍ਰਤੀ ਬੇਰੁਖੀ ਨੇ ਕਿਸਾਨਾਂ ਦੀ ਔਲਾਦ ਨੂੰ ਖੇਤੀ ਤੋਂ ਦੂਰ ਕਰ ਦਿੱਤਾ। ਸਹਾਇਕ ਧੰਦਿਆਂ ਅਤੇ ਛੋਟੀਆਂ ਸਨਅਤਾਂ ਪ੍ਰਤੀ ਵੀ ਸਰਕਾਰਾਂ ਦਾ ਰਵੱਈਆ ਵਧੀਆ ਨਹੀ ਰਿਹਾ। ਸਰਕਾਰੀ ਨੌਕਰੀਆਂ ਲਈ ਦਰਵਾਜ਼ੇ ਉਂਜ ਹੀ ਲਗਭਗ ਬੰਦ ਕਰ ਦਿੱਤੇ ਹਨ। ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇੱਥੇ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਕਾਰਨ ਉਹ ਪੜ੍ਹਾਈ ਲਈ ਬਾਹਰਲੇ ਮੁਲਕਾਂ ਵਿੱਚ ਜਾਣ ਅਤੇ ਉੱਥੇ ਵੱਸਣ ਦੀ ਕੋਸ਼ਿਸ਼ ਕਰਨ ਵਿੱਚ ਆਪਣੀ ਭਲਾਈ ਸਮਝਣ ਲੱਗੇ ਹਨ। ਪੜ੍ਹ ਰਹੇ ਅਤੇ ਪੜ੍ਹੇ ਲਿਖੇ ਵਿਦਿਆਰਥੀ/ਨੌਜੁਆਨਾਂ ਲਈ ਵੱਡਾ ਸੰਕਟ ਖੜ੍ਹਾ ਹੋ ਗਿਆ ਕਿ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ? ਅੱਜ ਜਦੋਂ ਹਰ ਖੇਤਰ ਵਿੱਚ ਇਕ ਪਾਸੇ ਬਜ਼ਾਰੂ ਤਾਕਤਾਂ ਨੇ ਆਪਣੇ ਜਾਲ ਵਿਛਾਏ ਹਨ, ਮੁਨਾਫਾ ਕਮਾਊ ਨੀਤੀਆਂ ਦੇ ਵਰਤਾਰੇ ਕਾਰਨ ਸਮਾਜ ਵਿੱਚ ਵਿਖਾਵਾ ਕਰਨ ਦੀ ਮਨੋਬਿਰਤੀ ਭਾਰੂ ਹੋਈ ਹੈ। ਗ਼ਲਤ ਸਰਕਾਰੀ ਨੀਤੀਆਂ, ਬੱਚਿਆਂ ਦੀ ਮਹਿੰਗੀ ਪੜ੍ਹਾਈ, ਵੱਡੀਆਂ ਗੱਡੀਆਂ, ਉੱਚੀਆਂ ਕੋਠੀਆਂ, ਵਿਆਹਾਂ ਅਤੇ ਮਰਗਾਂ 'ਤੇ ਵਿਖਾਏ ਲਈ ਕੀਤੇ ਜਾਂਦੇ ਬੇਤਹਾਸ਼ੇ ਖ਼ਰਚਿਆਂ ਨੇ ਵੀ ਬਹੁਗਿਣਤੀ ਲੋਕਾਂ ਨੂੰ ਕਰਜ਼ਾਈ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਪੰਜਾਬੀ ਸਮਾਜ ਵਿੱਚ ਇਹ ਵੇਖਿਆ ਗਿਆ ਹੈ ਕਿ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਵੀ ਲੋਕਾਂ ਵਿੱਚ ਇੱਕ ਦੂਜੇ ਤੋਂ ਵਧ ਕੇ ਵਿਖਾਵੇ ਦੀ ਬਿਰਤੀ ਭਾਰੂ ਹੋ ਰਹੀ ਹੈ। ਵਾਤਾਵਰਨ ਦੀਆਂ ਤਬਦੀਲੀਆਂ ਅਤੇ ਕਿਰਤ ਦੇ ਖਾਸੇ ਤੋਂ ਟੁੱਟਣ ਕਾਰਨ ਸਰੀਰਕ ਪੱਖੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਪੰਜਾਬ ਦੀ ਧਰਤੀ ਦੇ ਅੱਜ ਹਾਲਾਤ ਇਹ ਹਨ ਕਿ ਇੱਥੋਂ ਦੇ ਪੌਣ-ਪਾਣੀ ਨੂੰ ਬਰਬਾਦ ਕਰਕੇ ਇਥੋਂ ਜੋ ਕੁਝ ਖੱਟਿਆ ਸੀ ਉਹ ਵੀ ਹੁਣ ਲੋਕਾਂ ਕੋਲ ਨਹੀਂ ਰਿਹਾ; ਸਗੋਂ ਉਲਟਾ ਕਰਜ਼ਾਈ ਹੋ ਗਏ ਹਨ ਅਤੇ ਪ੍ਰਦੂਸ਼ਿਤ ਆਬੋਹਵਾ ਹੁਣ ਬਿਮਾਰੀਆਂ ਦੀ ਵਾਹਕ ਬਣ ਗਈ ਹੈ। ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਅੱਜ ਰਹਿਣ ਲਈ ਬੇਸ਼ੱਕ ਸਾਡੇ ਕੋਲ ਬਹੁਤ ਸਾਰੇ ਕਮਰਿਆਂ ਵਾਲਾ ਘਰ ਹੋਵੇ, ਪਰ ਜਿਸ ਹਵਾ ਵਿੱਚ ਅਸੀਂ ਸਾਹ ਲੈਣਾ ਹੈ ਜ਼ਰੂਰ ਸਵੱਛ ਹੋਣੀ ਚਾਹੀਦੀ ਹੈ। ਪਲੀਤ ਪਾਣੀ ਅਤੇ ਗੰਦੀ ਹਵਾ ਕਾਰਨ ਇਸ ਖਿੱਤੇ ਵਿੱਚ ਅਨੇਕਾਂ ਬਿਮਾਰੀਆਂ ਪਨਪ ਰਹੀਆਂ ਹਨ।

ਪੰਜਾਬ ਦੀ ਜ਼ਿਆਦਾ ਵੱਸੋ ਪਿੰਡਾਂ ਵਿੱਚ ਵੱਸਦੀ ਹੈ ਅਤੇ ਕੁਝ ਅਰਸੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ 'ਪਿੰਡਾਂ ਵਿੱਚ ਰੱਬ ਵਸਦਾ' ਪਰ ਹੁੰਣ ਪੰਜਾਬ ਦੇ ਪਿੰਡਾਂ ਵਿੱਚ ਰੱਬ ਨਹੀਂ ਵੱਸਦਾ। ਦਿੱਲੀ ਤੋਂ ਸੰਚਾਲਤ ਹੁੰਦੀ ਰਾਜਨੀਤੀ ਨੇ ਹੁਣ ਪਿੰਡ ਨੂੰ ਬੁਰੀ ਤਰ੍ਹਾਂ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਲਗਭਗ ਹਰ ਪਿੰਡ ਰਾਜਨੀਤਿਕ ਧੜੇਬੰਦੀ ਦਾ ਸ਼ਿਕਾਰ ਹੈ। ਲੋਕ ਆਪਸ ਵਿੱਚ ਲੜ ਝਗੜ ਰਹੇ ਹਨ। ਪਿੰਡਾਂ ਦੇ ਗੁਰਦੁਆਰਿਆਂ ਦੇ ਸਪੀਕਰ ਬੇਸ਼ੱਕ ਹੋਰ ਉੱਚੇ ਹੋ ਗਏ ਹਨ ਪਰ ਗੁਰੂ ਨਾਨਕ ਦੇਵ ਜੀ ਦੇ ਨੀਵਾਂ ਹੋ ਕੇ ਚੱਲਣ ਦੇ ਉਪਦੇਸ਼ ਨੂੰ ਮਨੋ ਵਿਸਾਰ ਦਿੱਤਾ ਹੈ। ਰਾਜਨੀਤਿਕ ਧੜੇਬੰਦੀਆਂ ਨਾਲ ਪਏ ਕਲੇਸ਼ਾਂ ਦੇ ਵੱਡੀ ਗਿਣਤੀ ਵਿੱਚ ਕੇਸ ਅਦਾਲਤਾਂ ਵਿੱਚ ਸਾਲਾਂ ਤੋਂ ਚੱਲ ਰਹੇ ਹਨ। ਕਈ ਕੇਸ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪਾਰਟੀ ਦੀ ਧੜੇਬੰਦੀ ਦੀ ਹੋਈ ਲੜਾਈ ਤੋਂ ਬਾਅਦ ਲੀਡਰ ਨੇ ਪਾਰਟੀ ਵੀ ਬਦਲ ਲਈ ਪਰ ਲੋਕ ਅਜੇ ਵੀ ਉਨ੍ਹਾਂ ਕੇਸਾਂ ਵਿੱਚ ਉਲਝੇ ਹੋਏ ਹਨ ।

ਪਿਛਲੇ ਅਰਸੇ ਤੋਂ ਇਹ ਵੀ ਵੇਖਿਆ ਗਿਆ ਹੈ ਕਿ ਪੰਜਾਬ ਵਿੱਚ ਮੇਲਿਆਂ ਦੀ ਭਰਮਾਰ ਹੋ ਗਈ ਹੈ। ਪੰਜਾਬ ਦੇ ਬਹੁਗਿਣਤੀ ਪਿੰਡਾਂ ਵਿੱਚ ਕੁਝ ਥਾਵਾਂ 'ਤੇ ਮੇਲੇ ਲਾ ਕੇ ਲੱਖਾਂ ਰੁਪਏ ਖ਼ਰਚ ਕਰਨਾ ਆਮ ਹੋ ਗਿਆ ਹੈ। ਕੁਝ ਪਿੰਡ ਜੋ ਧੜੇਬੰਦੀ ਦੇ ਜ਼ਿਆਦਾ ਸ਼ਿਕਾਰ ਹਨ ਉੱਥੇ ਇੱਕੋ ਥਾਂ 'ਤੇ ਪਹਿਲਾਂ ਇੱਕ ਧੜੇ ਵੱਲੋਂ ਮੇਲਾ ਕਰਵਾਇਆ ਜਾਂਦਾ ਹੈ ਤੇ ਫਿਰ ਕੁਝ ਦਿਨਾਂ ਬਾਅਦ ਦੂਜਾ ਧੜਾ ਆਣ ਜੁੱਟਦਾ ਹੈ। ਸੱਭਿਆਚਾਰ ਦੇ ਨਾਮ ਹੇਠ ਲਾਏ ਜਾਂਦੇ ਇਨ੍ਹਾਂ ਮੇਲਿਆਂ ਦੌਰਾਨ ਘਟੀਆ ਗੀਤ ਪੇਸ਼ ਕਰਕੇ ਬੱਚਿਆਂ ਨੂੰ ਵਿਖਾਉਣਾ ਅਤੇ ਅਜਿਹੇ ਪ੍ਰੋਗਰਾਮਾਂ ਲਈ ਬੇਤਹਾਸ਼ਾ ਪੈਸਾ ਖਰਚਣਾ ਸਾਡੇ

ਬੌਧਿਕ ਪੱਖੋਂ ਕੰਗਾਲ ਹੋਣ ਦੀ ਗਵਾਹੀ ਹੈ। ਜੇ ਇਸ ਪੈਸੇ ਨੂੰ ਕਿਸੇ ਸਾਰਥਿਕ ਢੰਗ ਨਾਲ ਵਰਤਿਆ ਜਾਵੇ ਜਾਂ ਹਰ ਪਿੰਡ ਵਿੱਚ ਵੱਡੇ ਪ੍ਰੋਗਰਾਮ ਕਰਨ ਲਈ ਇਮਾਰਤ ਅਤੇ ਪਾਰਕ ਬਣਾਈ ਜਾ ਸਕਦੀ ਹੈ ।

ਸਮਾਜਿਕ ਕਦਰਾਂ ਕੀਮਤਾਂ ਅਤੇ ਬੌਧਿਕ ਪੱਖੋਂ ਅਸੀ ਲਗਾਤਾਰ ਗਿਰਾਵਟ ਵੱਲ ਜਾ ਰਹੇ ਹਾਂ। ਵਸਤਾਂ ਦੀ ਬਹੁਤਾਤ ਅਤੇ ਮੰਡੀ ਨੇ ਮਨੁੱਖ ਦਾ ਵਸਤਾਂ ਪ੍ਰਤੀ ਵਿਵਹਾਰ ਅਤੇ ਨਜ਼ਰੀਆ ਬਦਲ ਦਿੱਤਾ ਹੈ। ਮਨੁੱਖ ਅਤੇ ਸਮਾਜਿਕ ਕਦਰਾਂ ਕੀਮਤਾਂ ਪਿੱਛੇ ਹੋ ਗਈਆਂ ਹਨ। ਸਮਾਜ ਵਿੱਚ ਬੇਰੁਜ਼ਗਾਰੀ ਵਿਕਰਾਲ ਰੂਪ ਧਾਰ ਗਈ ਹੈ, ਨਸ਼ਿਆਂ ਦੀ ਸਮੱਸਿਆ ਨਾਲ ਘਰ ਬਰਬਾਦ ਹੋ ਰਹੇ ਹਨ, ਬਿਮਾਰੀਆਂ ਦਾ ਪ੍ਰਕੋਪ ਵੱਧ ਰਿਹਾ ਹੈ, ਧਰਤੀ ਹੇਠਲਾ ਪਾਣੀ ਹਰ ਸਾਲ ਹੋਰ ਡੂੰਘਾ ਹੋ ਰਿਹਾ ਹੈ। ਲੜਾਈਆਂ ਝਗੜੇ , ਲੁੱਟਮਾਰ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਮਾੜੀ ਆਰਥਿਕਤਾ ਅਤੇ ਕਰਜ਼ਿਆਂ ਦੇ ਭੰਨੇ ਲੋਕ ਆਤਮ-ਹੱਤਿਆਵਾਂ ਕਰ ਰਹੇ ਹਨ। ਜਿਨ੍ਹਾਂ ਸਮੱਸਿਆਵਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ, ਉਨਾਂ 'ਚੋਂ ਬਹੁਤੀਆਂ ਅਜਿਹੀਆਂ ਹਨ ਜੋ ਕੇਵਲ ਸਰਕਾਰਾਂ ਦੇ ਸਾਰਥਿਕ ਉਪਰਾਲੇ ਕਰਨ ਨਾਲ ਹੱਲ ਹੋਣੀਆਂ ਹਨ, ਪਰ ਆਮ ਲੋਕਾਂ ਨੂੰ ਵੀ ਅਪਣੀਆਂ ਮੁਸ਼ਕਲਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਨਿੱਜੀ ਅਤੇ ਸਮੂਹਿਕ ਤੌਰ 'ਤੇ ਹੋ ਰਹੀ ਪੈਸੇ ਦੀ ਬਰਬਾਦੀ ਅਤੇ ਮਨੁੱਖੀ ਊਰਜਾ ਨੂੰ ਯੋਗ ਕੰਮਾਂ ਲਈ ਖਰਚਣ ਦੀ ਲੋੜ ਹੈ।

ਅਸੀਂ ਜ਼ਿੰਦਗੀ 'ਚ ਕੇਵਲ ਪੈਸੇ ਨੂੰ ਹੀ ਸਮਰਪਿਤ ਨਹੀਂ ਹੋਣਾ ਹੁੰਦਾ, ਸਗੋਂ ਅਪਣੇ ਨਿੱਜ ਤੋਂ ਉੱਪਰ ਉੱਠ ਕੇ ਅਜਿਹੇ ਕਾਰਜਾਂ ਲਈ ਕਾਰਜਸ਼ੀਲ ਹੋਣਾ ਹੁੰਦਾ ਹੈ, ਜਿਸ ਨਾਲ ਉਸ ਦੀ ਜਨਮ ਭੂਮੀ 'ਤੇ ਜੀਵਨ ਲਈ ਸਾਜ਼ਗਾਰ ਹਾਲਾਤ ਬਣੇ ਰਹਿਣ । ਸੱਭਿਆਚਾਰ, ਸਿੱਖਿਆ, ਰਾਜਨੀਤੀ ਅਤੇ ਧਾਰਮਿਕ ਪੱਖੋਂ ਸਾਡੀ ਅਗਵਾਈ ਕਰਨ ਵਾਲੇ ਅੱਜ ਆਦਰਸ਼ ਨਹੀਂ ਰਹੇ। ਬਦਲ ਰਹੀ ਦੁਨੀਆਂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ ਇਹ ਜ਼ਰੂਰੀ ਹੈ ਕਿ ਅਸੀ ਆਪਣੇ ਆਲੇ-ਦੁਆਲੇ ਤੋਂ ਚੰਗੀ ਤਰਾਂ ਜਾਣੂ ਹੋਈਏ।

❊ ❊ ❊ ❊ ❊

## ਮੂਰਖਤਾ ਦੇ ਤਿੰਨ ਲੱਛਣ

**ਵਿਅਰਥ ਆਸ਼ਾ-** ਕਿਸੇ ਦੂਜੇ ਤੋਂ ਸੁੱਖ ਦੀ ਆਸ਼ਾ।

**ਵਿਅਰਥ ਕਰਮ-** ਫ਼ਾਲਤੂ ਦੇ ਕਰਮ ਕਾਂਡ ਕਰਨੇ।

**ਵਿਅਰਥ ਗਿਆਨ-** ਉਹ ਗਿਆਨ ਜਿਸ ਨੂੰ ਅਮਲ ਵਿੱਚ ਲਿਆਂਦਾ ਹੀ ਨਹੀਂ।

(ਸਵ. ਗਿਆਨੀ ਸੰਤ ਸਿੰਘ ਮਸਕੀਨ)

## Organisations/ Persons who gave Financial Assistance to Saini Bhawan during the Months- April to June, 2022

**A) To Kaka Ram Saini Charitable Trust For Development and Social welfare Works-**

1. S. Tejdeep Singh P.C.S S/o S. Sukhwinder Singh Desumajra # Mohali = Rs. 51000/
2. S. Bhagwan Singh Rtd. Regional Environment Engineer # Panchkula = Rs. 51000/
3. Tricity Saini Vikas Manch, Chandigarh = Rs. 51000/
4. Trust for the welfare of Vanjara & other Backward Classes, Mohali = Rs. 15000/
5. Sh.Balbir Singh, # Mota Singh Nagar Jalandhar = Rs. 11000/
6. Sh. Kulbir Singh M/S Rajasthan Royal Hotel, Rupnagar = Rs. 11000/
7. Sub. Amarjit Singh # V. Panjaur, Distt. Hoshiarpur = Rs. 5100/
8. S. Bikram Singh Mundra, Haveli Kalan Rupnagar # U.K = Rs. 5000/
9. Dr.Sowaran Singh Saini = Professor Colony Ludhiana = Rs. 2100/
10. Smt. Kulwinder Kaur President Innerwheel Club Rupnagar= Rs. 2100/
11. Cap. Hardam Singh # Sun City Rupnagar = Rs. 2100
12. S. Gurnam Singh # V. Shampura Distt. Rupnagar = Rs.1600/
13. Sh Rajiv Bharti # Shampura road Rupnagar = Rs. 1100/
14. S. Harjit Singh Dangi # Haveli Kalan Rupnagar = Rs. 1100/
15. Sh. Harish Kumar Saini # Rupnagar = Rs. 1100/
16. S. Jiwan Singh # V. Sahoran Distt Mohali =Rs.1000/
17. S. Santokh Singh M/S Shivalik Hotel Balachore = Rs. 1000/
18. S. Balbir Singh # V. Rampur Jhanjowal Distt. Hoshiarpur= Rs. 1000/
19. Sh. Surrinder Saini Director Nehru Yuva Sangathan # Rupnagar= Rs.1000/
20. Mrs. Bhagwant Kaur Rtd. Lecturer # Ch. Road Rupnagar= Rs.500/

**B) To Saini Charitable Educations Trust for Scholarship to needy students**

1. S. Baldev Singh Mundra Mumbai- Rs. 1,70,000
2. S. Gurmukh Singh (Ex M.C.) SBS Nagar, Rupnagar Rs. 50,000

continued at page 21...

ਧੜੱਲੇਦਾਰ ਸੈਣੀ ਰਾਜਨੀਤਿਕ ਸ਼ਖ਼ਸ਼ੀਅਤ

# ਚੌਧਰੀ ਬਲਬੀਰ ਸਿੰਘ

ਡਾ. ਕੁਲਵੰਤ ਕੌਰ
ਪਟਿਆਲਾ



ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਵਿੱਚ ਇੱਕ ਅਜਿਹਾ ਵੀ ਸਮਾਂ ਸੀ ਜਦੋਂ ਹੁਸ਼ਿਆਰਪੁਰ ਦੀ ਫ਼ਿਜ਼ਾ ਵਿੱਚ ਕੇਵਲ ਚੌਧਰੀ ਬਲਬੀਰ ਸਿੰਘ ਦੀ ਹੀ ਸੁਗੰਧੀ ਸੀ। ਸਦੈਵ ਕਦੇ ਲਾਲ ਅਤੇ ਕਦੇ ਹਰੀ ਪੱਗ ਵਾਲੇ ਹੁਸ਼ਿਆਰਪੁਰੀਏ ਚੌਧਰੀ, ਜਿਸ ਨੇ ਜਵਾਨੀ ਦੇਸ਼ ਦੇ ਲੇਖੇ ਲਾਈ, ਜੇਲ੍ਹਾਂ ਦੀਆਂ ਸਾਹ-ਘੁੱਟ ਕੋਠੜੀਆਂ ਵਿੱਚ ਅਣਮੁੱਲੇ ਸਾਲ ਬਿਤਾਏ, ਇਕ ਮਸੀਹੀ ਨੇਤਾ ਬਣ ਕੇ ਵਿਚਰਿਆ। ਜਾਤਾਂ ਬਰਾਦਰੀਆਂ ਤੋਂ ਨਿਰਲੇਪ, ਹਰ ਇੱਕ ਦਾ ਹਿਤੈਸ਼ੀ, ਸਾਦਾ ਪਹਿਰਾਵਾ ਤੇ ਰਹਿਣ ਸਹਿਣ, ਕਿਸਾਨਾਂ ਦੇ ਹੱਕ ਵਿੱਚ ਨਾਅਰਾ ਬੁਲੰਦ ਕਰਨ ਵਾਲਾ, ਜ਼ਾਲਮ ਨਾਲ ਦੋ ਹੱਥ ਕਰਨ ਵਾਲਾ, ਨਿਰਭੈ, ਦਲੇਰ, ਸੂਰਮਾ ਅਤੇ ਸ਼ੀਂਹ ਵਾਂਗ ਗੱਜਣ ਵਾਲਾ ਉਹ ਇੱਕ ਪਰਉਪਕਾਰੀ ਮਰਜੀਵੜਾ ਬਣ ਕੇ ਜੀਵਿਆ। ਪਹਿਲਾਂ ਸਾਈਕਲ ਅਤੇ ਫਿਰ ਮੋਪਡ ਨੂੰ ਆਪਣਾ ਪੱਕਾ ਸਾਥੀ ਬਣਾ ਕੇ ਰੱਖਿਆ। ਪ੍ਰਤਿਬੱਧ ਭਾਵੇਂ ਕਾਂਗਰਸ ਨਾਲ ਸੀ, ਸੰਯੁਕਤ ਸੋਸ਼ਲਿਸਟ ਪਾਰਟੀ ਨਾਲ ਜਾਂ ਜਨਤਾ ਪਾਰਟੀ ਨਾਲ। ਸੌੜੀ ਸਿਆਸਤ, ਸਵਾਰਥੀ ਰੁਚੀ ਅਤੇ ਮੌਕਾਪ੍ਰਸਤ ਰਾਜਨੀਤੀ ਤੋਂ ਸਦਾ ਅਭਿੱਜ ਹੀ ਰਿਹਾ।

ਚੌਧਰੀ ਬਲਬੀਰ ਸਿੰਘ ਦਾ ਜਨਮ 14 ਨਵੰਬਰ 1917 ਨੂੰ ਹੁਸ਼ਿਆਰਪੁਰ ਸ਼ਹਿਰ ਵਿਖੇ ਹੋਇਆ। ਇਹ ਦਿਨ ਭਾਰਤੀ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰਖਦਾ ਹੈ ਕਿਉਂਕਿ ਇਸ ਦਿਨ ਹੀ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਜਨਮ ਹੋਇਆ ਸੀ। ਇਸ ਦੇ ਪਿਤਾ ਚੌਧਰੀ ਜੋਤੀ ਸਿੰਘ ਦੀ ਹੁਸ਼ਿਆਰਪੁਰ ਸ਼ਹਿਰ ਦੇ ਦਰਮਿਆਨ ਸ਼ੀਸ਼ ਮਹਿਲ ਮੁਹੱਲੇ ਵਿੱਚ ਕਿਤਾਬਾਂ ਕਾਪੀਆਂ ਦੀ ਇੱਕ ਵੱਡੀ ਦੁਕਾਨ ਹੋਇਆ ਕਰਦੀ ਸੀ ਜਿਸ ਵਿੱਚ ਉਨ੍ਹਾਂ ਵਕਤਾਂ ਦੀਆਂ ਸਭ ਯੂਨੀਵਰਸਿਟੀਆਂ ਦੀਆਂ ਪੁਸਤਕਾਂ ਉਪਲਬਧ ਹੁੰਦੀਆਂ ਸਨ। ਇਸ ਦੇ ਪਿਤਾਮੇ ਰੱਜੇਪੁੱਜੇ ਲੋਕ ਸਨ ਪਰੰਤੂ ਇੱਕ ਉਲੇਖਯੋਗ ਘਟਨਾ ਇਹ ਵੀ ਸੀ ਕਿ ਇਸ ਦੇ ਘਰ ਦੇ ਆਲੇਦੁਆਲੇ ਕੱਟੜਵਾਦੀ ਮੁਸਲਮਾਨਾਂ ਦੀ ਆਬਾਦੀ ਹੋਣ ਕਰ ਕੇ ਨਿੱਤ ਦਿਨ ਕੋਈ ਨਾ ਕੋਈ ਫ਼ਸਾਦ ਹੋਇਆ ਹੀ ਰਹਿੰਦਾ। ਫ਼ਿਰਕਾਪ੍ਰਸਤ ਤਨਾਉ ਹੋਇਆ ਰਹਿੰਦਾ ਜਿਸ ਕਰ ਕੇ ਇਸ ਨੌਜਵਾਨ ਅੰਦਰ ਛੁਪੀ ਨੇਤਾ ਭਾਵਨਾ ਜਾਗ੍ਰਤ ਹੋ ਉੱਠਦੀ। ਵੀਹ ਸਾਲ ਦੀ ਉਮਰੇ ਤਾਂ ਚੌਧਰੀ ਬਲਬੀਰ ਸਿੰਘ ਸ਼ਹਿਰ ਦੀ ਮਿਉਂਸਪਲ ਕਮੇਟੀ ਦਾ ਮਿਊਂਸਪਲ ਕਮਿਸ਼ਨਰ ਵੀ ਬਣ ਗਿਆ ਸੀ।

ਦਸਵੀਂ ਤੱਕ ਵਿੱਦਿਆ ਡੀ.ਏ.ਵੀ. ਹਾਈ ਸਕੂਲ ਹੁਸ਼ਿਆਰਪੁਰ ਤੋਂ ਪ੍ਰਾਪਤ ਕਰ ਕੇ ਕੁੱਝ ਸਮਾਂ ਪਿਤਾ ਨਾਲ ਦੁਕਾਨਦਾਰੀ 'ਚ ਹੱਥ ਵਟਾਇਆ ਪਰੰਤੂ ਕੁੱਝ ਉਚੇਰਾ ਕਰਨ ਦੀ ਲਾਲਸਾ ਨੇ ਟਿਕਣ ਨਾ ਦਿੱਤਾ। ਫਲਸਰੂਪ ਪੜ੍ਹਾਈ ਛੱਡ ਕੇ, ਦੁਕਾਨਦਾਰੀ ਤਿਆਗ ਕੇ ਉਹ ਚੌਧਰੀ ਮੋਤੀ ਰਾਮ ਅਤੇ ਚੌਧਰੀ ਅਮਰ ਸਿੰਘ ਨਾਲ ਕਾਂਗਰਸ ਵਿੱਚ ਜਾ ਸ਼ਾਮਿਲ ਹੋਇਆ। ਉਸ ਦੀ ਜ਼ਿੰਦਗੀ ਦੀ ਪਹਿਲੀ ਜ਼ਿਕਰਯੋਗ ਘਟਨਾ ਕਿਸਾਨ ਅੰਦੋਲਨ ਸਬੰਧੀ ਹੈ ਜਿਹੜੀ ਇੱਕ ਅਣਖੀਲੇ ਨੌਜਵਾਨ ਬਲਬੀਰ ਸਿੰਘ ਦੀ ਅਗਵਾਈ ਵਿੱਚ ਉੱਭਰੀ ਅਤੇ ਜਿਸ ਵਿੱਚ ਅੰਗਰੇਜ਼ ਸਰਕਾਰ ਵਿਰੁੱਧ ਸ਼ਰੇਆਮ ਜੱਹਾਦ ਛੇੜਿਆ ਗਿਆ। ਇਸ ਅੰਦੋਲਨ ਵਿੱਚ ਸ਼ਹਿਰ ਤੇ ਇਲਾਕੇ ਦੀਆਂ ਨਾਮਵਰ ਹਸਤੀਆਂ ਨੇ ਸਾਥ ਦਿੱਤਾ ਅਤੇ ਚੌਧਰੀ ਬਲਬੀਰ ਸਿੰਘ ਨੂੰ ਜਲੰਧਰ, ਮੁਲਤਾਨ ਅਤੇ ਲਾਹੌਰ ਆਦਿ ਸਥਾਨਾਂ 'ਤੇ ਲਿਜਾ ਕੇ ਛੇ ਮਹੀਨੇ ਲਈ ਬੰਦੀ ਬਣਾਇਆ ਗਿਆ। ਜਲਸੇ-ਜਲੂਸਾਂ ਰਾਹੀਂ ਲੋਕਰਾਇ ਨੂੰ ਆਪਣੇ ਪੱਖ ਵਿੱਚ ਕਰਨ ਵਿੱਚ ਉਸ ਨੂੰ ਪੂਰੀ ਸਫਲਤਾ ਹਾਸਿਲ ਹੋਈ। ਇਵੇਂ ਹੀ ਇੱਕ ਹੋਰ ਸਥਾਨਕ ਸਮੱਸਿਆ ਦੇ ਸੁਲਝਾਉ ਲਈ ਕੀਤੀ ਜੱਦੋਜਹਿਦ ਦੌਰਾਨ ਪੁਲਿਸ ਨੇ ਉਸ ਦਾ ਕਾਫ਼ੀ ਮਾਇਕ ਨੁਕਸਾਨ ਕੀਤਾ ਪਰੰਤੂ " ਜਬੈ ਬਾਣ ਲਾਗੈ ਤਬੈ ਰੋਸ ਜਾਗੈ" ਅਨੁਸਾਰ ਸਰਕਾਰ ਪ੍ਰਤਿ ਇਹ ਰੋਹ ਹੋਰ ਵੀ ਵਧੇਰੇ ਪ੍ਰਜਵਲਿਤ ਹੁੰਦਾ ਗਿਆ।



ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਆਪਣਾ ਯਥਾਯੋਗ ਹਿੱਸਾ ਪਾਉਣ ਵਾਲਾ, ਅੰਗਰੇਜ਼ ਹਕੂਮਤ ਨੂੰ ਵੰਗਾਰਨ ਵਾਲਾ ਅਤੇ ਮਹਾਤਮਾ ਗਾਂਧੀ ਦੀ ਸੁੱਚੱਜੀ ਅਗਵਾਈ ਵਿੱਚ ਸ਼ਾਂਤਮਈ ਢੰਗ ਨਾਲ ਆਪਣਾ ਰੋਲ ਅਦਾ ਕਰਨ ਵਾਲਾ ਬਲਬੀਰ ਸਿੰਘ ਉਦੋਂ ਬਿਲਕੁਲ ਹੀ ਪਸੀਜ ਗਿਆ ਜਦੋਂ ਇੱਕ ਪਾਸੇ ਤਾਂ ਆਜ਼ਾਦੀ ਦੇ ਬਿਗੁਲ ਵੱਜ ਗਏ ਅਤੇ ਦੂਜੇ ਪਾਸੇ ਪੰਜਾਬੀਆਂ ਦੀ ਕਤਲੇਆਮ, ਮਾਰ-ਵੱਢ, ਲੁੱਟ-ਖਸੁੱਟ ਅਤੇ ਇਜ਼ਤ-ਆਬਰੂ ਦਾਅ 'ਤੇ ਲੱਗ ਗਏ। ਲੱਖਾਂ ਬੇਘਰ ਸ਼ਰਨਾਰਥੀਆਂ ਦਾ ਮੁੜ ਵਸੇਬਾ, ਅਫ਼ਸਰਸ਼ਾਹੀ ਦੀਆਂ ਮਨਮਾਨੀਆਂ ਦੀ ਰੋਕ ਅਤੇ ਦੀਨ-ਦੁਖੀਆਂ ਦੇ ਦੁੱਖ ਵਿੱਚ ਉਨ੍ਹਾਂ ਦੀ ਸਾਰ ਲੈਣੀ ਉਸ ਦੇ ਰੋਟੀ ਖਾਣ ਤੋਂ ਵੀ ਪਹਿਲੇ ਰੁਝੇਵੇਂ ਸਨ। ਪਾਕਿਸਤਾਨ ਬਣਨ ਸਮੇਂ ਆਈਆਂ ਬੇਸ਼ੁਮਾਰ ਬਾਰਸ਼ਾਂ ਸਮੇਂ ਨਪੀੜੇ ਲੋਕਾਂ ਦੀ ਸਾਂਭ-ਸੰਭਾਲ ਵੀ ਉਸ ਦਾ ਮੁੱਖ ਕੰਮ ਬਣਿਆ। ਉਹ ਰਾਤ-ਦਿਨ ਚੱਤੋਪਹਿਰ ਘੁੰਮਿਆ, ਫਿਰਿਆ, ਗਿੜਿਆ ਅਤੇ ਸਾਹ ਉਦੋਂ ਲਿਆ ਜਦੋਂ ਲੋਕਾਂ ਵਿੱਚ ਠੰਢ ਠੰਢੋਲਾ ਹੋ ਗਿਆ।

ਅਜੇ ਆਜ਼ਾਦੀ ਦੇ ਜਸ਼ਨ ਮਾਂਦ ਨਹੀਂ ਸਨ ਪਏ, ਅਜੇ ਲੋਕਾਂ ਦੀਆਂ ਆਹਾਂ ਸ਼ਾਂਤ ਨਹੀਂ ਸਨ ਹੋਈਆਂ ਅਤੇ ਅਜੇ

ਲੋਕਾਂ ਦੀ ਜੀਵਨ ਤੋਰ ਸਾਂਵੀਂ ਨਹੀਂ ਸੀ ਹੋਈ ਕਿ 30 ਜਨਵਰੀ, 1948 ਨੂੰ ਮਹਾਤਮਾ ਗਾਂਧੀ ਸ਼ਹੀਦ ਕਰ ਦਿੱਤੇ ਗਏ। ਕਾਂਗਰਸ ਪਾਰਟੀ ਵਿੱਚ ਮੱਤਭੇਦ ਪੈਦਾ ਹੋ ਗਏ, ਪਾਰਟੀ ਦੋਫਾੜ ਹੋਣ ਲੱਗੀ। 1949 ਵਿੱਚ ਜੈ ਪ੍ਰਕਾਸ਼ ਨਾਰਾਇਣ ਦੀ ਰਹਿਨਮੁਈ ਵਿੱਚ ਹਿਸਾਰ ਵਿਖੇ ਇੱਕ ਵਿਸ਼ਾਲ ਕਾਨਫਰੰਸ ਹੋਈ। ਕਾਂਗਰਸ ਜਮਾਤ ਦੀਆਂ ਗ਼ਲਤ ਨੀਤੀਆਂ ਕਾਰਨ ਜੈ ਪ੍ਰਕਾਸ਼ ਨਾਰਾਇਣ ਅਤੇ ਸਾਥੀਆਂ ਨਾਲ ਬਲਬੀਰ ਸਿੰਘ ਨੇ ਵੀ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਅਤੇ ਇੱਕ ਨਵੀਂ ਰਾਜਸੀ ਪਾਰਟੀ ਦਾ ਮੁੱਢ ਬੱਝਾ ਜਿਸ ਦਾ ਨਾਂ ਸੰਯੁਕਤ ਸੋਸ਼ਲਿਸਟ ਪਾਰਟੀ ਸੀ। ਡਾ. ਰਾਮ ਮਨੋਹਰ ਲੋਹੀਆ ਅਤੇ ਸ਼੍ਰੀ ਅਸ਼ੋਕ ਮਹਿਤਾ ਆਦਿ ਇਸ ਦੇ ਨਾਲ ਸਨ। ਇਸ ਕਾਰਨ ਉਸ ਨੂੰ ਜੇਲ੍ਹ ਵੀ ਜਾਣਾ ਪਿਆ।

ਭਾਰਤ ਦੀਆਂ ਪਹਿਲੀਆਂ ਸੰਵਿਧਾਨਕ ਚੋਣਾਂ(1952) ਅਤੇ ਭੀਮ ਸੈਨ ਸੱਚਰ ਦੀ ਵਜ਼ਾਰਤ ਟੁੱਟਣ ਕਰ ਕੇ ਹੋਈਆਂ 1955 ਦੀਆਂ ਮੱਧਕਾਲੀ ਚੋਣਾਂ ਸਮੇਂ ਚੌਧਰੀ ਬਲਬੀਰ ਸਿੰਘ ਨੇ ਗ਼ਲਤ ਕਾਗਰਸੀ ਨੀਤੀਆਂ ਦੀ ਡਟ ਕੇ ਮੁਖਾਲਫਤ ਕੀਤੀ ਭਾਵੇਂ ਦੋਵੇਂ ਵਾਰੀ ਜਿੱਤ ਉਸ ਤੋਂ ਕੋਹਾਂ ਦੂਰ ਰਹੀ। ਸਿਆਸੀ ਜਿੱਤ ਹਾਰ ਨੂੰ ਜੀਵਨ ਦਾ ਉਤਰਾਅ ਚੜ੍ਹਾਅ ਜਾਣਦਿਆਂ ਉਸ ਨੇ ਹਮੇਸ਼ਾਂ ਸੱਚਾਈ ਦਾ ਹੀ ਸਾਥ ਦਿੱਤਾ ਅਤੇ ਕੱਝ ਵਾਜਬੀ ਲੋਕ ਮੰਗਾਂ ਨੂੰ ਲੈ ਕੇ ਘੋਲ ਕੀਤਾ। ਇਲਾਕੇ ਦੇ ਸਿਰਕੱਢ ਕਾਂਗਰਸੀ ਨੇਤਾ ਅਤੇ ਐਮ.ਐਲ.ਏ. ਦੀ ਸ਼ਹਿ 'ਤੇ ਪੁਲਿਸ ਨੇ ਇਸ 'ਤੇ ਖ਼ੂਬ ਲਾਠੀਚਾਰਜ ਕਰਵਾਇਆ ਅਤੇ ਜੇਲ੍ਹ ਭਿਜਵਾ ਦਿੱਤਾ ਗਿਆ। ਰਿਹਾਈ ਉਪਰੰਤ ਫਿਰ ਡੀ.ਸੀ. ਨਾਲ ਤਕਰਾਰ ਹੋ ਗਈ ਅਤੇ ਮੁੜ ਜੇਲ੍ਹ ਹੋ ਗਈ ਪਰੰਤੂ ਹੱਕ ਸੱਚ ਖ਼ਾਤਿਰ ਆਵਾਜ਼ ਬੁਲੰਦ ਕੀਤੀ ਤਾਂ ਆਖਿਰ ਡੀ.ਸੀ ਨੂੰ ਇਸ ਦੀਆਂ ਵਾਜਿਬ ਮੰਗਾਂ ਮੰਨਣੀਆਂ ਪਈਆਂ। ਇਸ ਕਾਰਨ ਉਸ ਦੀ ਰਾਜਸੀ ਜੀਵਨ ਵਿੱਚ ਚੜ੍ਹਤ ਵਧ ਗਈ। ਵਿਧਾਤਾ ਨੇ ਅਜੇ ਇਸ ਕੁੰਦਨ ਨੂੰ ਕੁਠਾਲੀ ਵਿੱਚ ਪਾ ਕੇ ਨਿਖਾਰਨਾ ਸੀ ਜਿਸ ਲਈ ਲੋਕ ਸ਼ਕਤੀ ਨੂੰ ਲਾਮਬੰਦ ਕਰ ਕੇ ਉਹ ਜਿੱਤਾਂ-ਹਾਰਾਂ ਤੋਂ ਨਿਰਲੇਪ ਨਵੀਆਂ ਪੈੜਾਂ ਪਾਉਂਦਾ ਚਲਿਆ ਰਿਹਾ ਅਤੇ ਅਖੀਰ 1957 ਵਿੱਚ ਉਸੇ ਕਾਂਗਰਸੀ, ਚੌਧਰੀ ਅਮਰ ਸਿੰਘ ਨੂੰ ਹਰਾ ਕੇ ਸੋਸ਼ਲਿਸਟ ਪਾਰਟੀ ਦੀ ਟਿਕਟ 'ਤੇ ਪੰਜਾਬ ਅਸੈਂਬਲੀ ਵਿੱਚ ਜਾ ਝੰਡਾ ਗੱਡਿਆ। ਚੌਧਰੀ ਬਲਬੀਰ ਸਿੰਘ ਦੀ ਮੂੰਹਫਟਤਾ, ਨਿਧੜਕਤਾ ਅਤੇ ਨਿਰਪੱਖਤਾ ਤੋਂ ਹਰ ਸਰਕਾਰ ਤ੍ਰਾਂਹਦੀ ਰਹੀ ਅਤੇ ਹਰ ਸਰਕਾਰ ਉਸ ਨੂੰ ਕਾਬੂ ਕਰਨ ਲਈ ਹਰ ਹੀਲਾ-ਵਸੀਲਾ ਕਰਦੀ ਰਹੀ। ਉਸ ਨੇ ਮਿਹਨਤਕਸ਼ਾਂ ਲਈ ਹਮੇਸ਼ਾਂ ਆਵਾਜ਼ ਬੁਲੰਦ ਕੀਤੀ ਅਤੇ ਕਦੇ ਵੀ ਆਰ.ਆਰ.ਐਸ. ਜਾਂ ਭਾਰਤੀ ਜਨਤਾ ਪਾਰਟੀ ਨਾਲ ਵਿਚਾਰਧਾਰਕ ਸਾਂਝ ਨਹੀਂ ਪਾਲੀ।

1962 ਦੀਆਂ ਆਮ ਚੋਣਾਂ ਵਿੱਚ ਉਹ ਫਿਰ ਕਾਂਗਰਸੀ ਉਮੀਦਵਾਰ ਤੋਂ ਹਾਰ ਗਿਆ ਪਰੰਤੂ ਇਸੇ ਸਮੇਂ ਦੌਰਾਨ ਉਹ ਡੀ.ਏ.ਵੀ. ਸੰਸਥਾਵਾਂ ਦਾ ਪ੍ਰਧਾਨ ਚੁਣ ਲਿਆ ਗਿਆ ਜਿਸ ਵਿੱਚ ਤਿੰਨ ਸੀਨੀਅਰ ਸੈਕੰਡਰੀ ਸਕੂਲ, ਇੱਕ ਡਿਗਰੀ ਤੇ ਬੀ.ਐਡ ਕਾਲਜ, ਇਕ ਆਰੀਆ ਸਮਾਜ ਮੰਦਰ ਅਤੇ ਸਾਧੂ ਆਸ਼ਰਮ ਵਾਲੀ ਯੂਨੀਵਰਸਿਟੀ ਸ਼ਾਮਲ ਸਨ। ਕੁੱਝ ਬਾਹਰਲੇ ਸਕੂਲਾਂ ਨੂੰ ਵੀ ਡੀ.ਏ.ਵੀ ਨਾਲ ਸਬੰਧਿਤ ਕਰਨ ਲਈ ਵੀ ਉਸ ਨੇ ਖਾਸੀ ਘਾਲਣਾ ਘਾਲੀ, ਸਰਕਾਰੀ ਲਾਠੀਆਂ ਖਾਧੀਆਂ ਪਰ ਆਪਣੇ ਮਿਸ਼ਨ ਵਿੱਚ ਸਦਾ ਕਾਮਯਾਬੀ ਹਾਸਿਲ ਕੀਤੀ। ਇਲਾਕੇ ਦੇ ਸੁਧਾਰ ਦੀ ਤਮੰਨਾਂ ਉਸ ਨੂੰ ਫਿਰ ਅਸੈਂਬਲੀ ਵਿੱਚ ਲੈ ਗਈ। ਪੰਜਾਬੀ ਸੂਬਾ ਬਣ ਜਾਣ ਉਪਰੰਤ ਹੋਈਆਂ ਚੋਣਾਂ ਵਿੱਚ ਉਹ ਫੇਰ ਜਿੱਤਿਆ ਅਤੇ ਸੰਤ ਫਤਿਹ ਸਿੰਘ ਵਲੋਂ ਵਜ਼ੀਰੀ ਵਿੱਚ ਭਾਈਵਾਲ ਬਣਨ ਲਈ ਪਾਰਟੀ ਬਦਲਣ ਦੇ ਸੁਝਾਅ ਨੂੰ ਸਪਸ਼ਟ ਰੂਪ ਵਿੱਚ ਨਿਕਾਰਦਿਆਂ ਆਪਣੀ ਇਖ਼ਲਾਕੀ ਪ੍ਰਤਿਬਧਤਾ ਦਾ ਪ੍ਰਗਟਾਵਾ ਕੀਤਾ। ਛੇਤੀਂ ਹੀ ਅਕਾਲੀ ਸਰਕਾਰ ਖੇਰੂੰ ਖੇਰੂੰ ਹੋ ਜਾਣ 'ਤੇ ਫਿਰ ਐਮ.ਐਲ.ਏ. ਚੁਣਿਆਂ ਗਿਆ ਅਤੇ ਲਛਮਣ ਸਿੰਘ ਗਿੱਲ ਦੀ ਅਗਵਾਈ ਵਿੱਚ ਆਪਣੇ ਇਲਾਕੇ ਦੀ ਚੋਖੀ ਸੇਵਾ ਕੀਤੀ। 1972 ਦੀਆਂ ਚੋਣਾਂ ਮੌਕੇ ਮਾਸਟਰ ਕੁੰਦਨ ਸਿੰਘ ਤੋਂ ਹਾਰ ਗਿਆ। ਇੰਦਰਾ ਸਰਕਾਰ ਦੇ ਐਮਰਜੈਂਸੀ ਕਾਲ ਵਿੱਚ ਵਿਰੋਧੀ ਨੇਤਾਵਾਂ ਨਾਲ ਰਲ ਕੇ ਆਪਣੀ ਜ਼ਮੀਰ ਨੂੰ ਪਛਾਣਿਆਂ ਅਤੇ ਜੇਲ੍ਹਾਂ ਕੱਟੀਆਂ। ਜੇਲ੍ਹ ਵਿੱਚ ਹੀ ਵੱਡੇ ਅਕਾਲੀ ਆਗੂਆਂ ਨਾਲ ਮੁਲਾਕਾਤਾਂ ਹੋਈਆਂ ਅਤੇ ਕਈ ਸ਼ੰਕਿਆਂ-ਸੰਸਿਆਂ ਦੀ ਨਵਿਰਤੀ ਵੀ ਹੋਈ। ਇੱਥੋਂ ਦੀਆਂ ਵਧੀਕੀਆਂ ਨਾਲ ਉਸ ਦੀ ਸਿਹਤ 'ਤੇ ਬੜਾ ਮਾੜਾ ਅਸਰ ਪਿਆ। 19 ਮਹੀਨੇ ਜੇਲ੍ਹ- ਜੀਵਨ ਦੀ ਰਿਹਾਈ ਪਿੱਛੋਂ ਬਣੀ ਕੌਮੀ ਪੱਧਰ ਦੀ ਜਨਤਾ ਪਾਰਟੀ ਵਿੱਚ ਉਸ ਨੂੰ ਹੁਸ਼ਿਆਰਪੁਰ ਜਨਤਾ ਪਾਰਟੀ ਦਾ ਮੁਖੀ ਚੁਣਿਆਂ ਗਿਆ ਜਿੱਥੇ ਉਸ ਨੇ ਦਰਬਾਰਾ ਸਿੰਘ ਨੂੰ ਹਰਾ ਕੇ ਐਮ.ਪੀ. ਦੀ ਸ਼ਾਨਦਾਰ ਚੋਣ ਜਿੱਤੀ।

ਵਿਚਾਰਧਾਰਕ ਮੱਤਭੇਦ ਕਾਰਨ ਜਨਤਾ ਪਾਰਟੀ ਵੀ ਸੰਗਠਿਤ ਨਾ ਰਹਿ ਸਕੀ ਅਤੇ ਤਿੰਨ ਸਾਲਾਂ ਦੇ ਅਰਸੇ ਵਿੱਚ ਹੀ ਖੇਰੂੰ ਖੇਰੂੰ ਹੋ ਗਈ। 1980 ਵਿੱਚ ਚੌਧਰੀ ਚਰਨ ਸਿੰਘ ਦੇ ਲੋਕ ਦਲ ਦਾ ਜ਼ਿਲ੍ਹਾ ਪ੍ਰਧਾਨ ਚੌਧਰੀ ਬਲਬੀਰ ਸਿੰਘ ਨੂੰ ਬਣਾਇਆ ਗਿਆ। 1980 ਵਿੱਚ ਹੋਈਆਂ ਕੇਂਦਰੀ ਚੋਣਾਂ ਵਿੱਚ ਉਹ ਗਿਆਨੀ ਜ਼ੈਲ ਸਿੰਘ ਦੇ ਮੁਕਾਬਲੇ 'ਤੇ ਐਮ.ਪੀ. ਦੀ ਚੋਣ ਹਾਰ ਗਿਆ। ਇੰਝ, ਜਿੱਤਾਂ- ਹਾਰਾਂ ਦਾ ਇਹ ਸਿਲਸਿਲਾ ਨਿਰੰਤਰ ਚੱਲਦਾ ਰਿਹਾ ਪਰੰਤੂ ਚੌਧਰੀ ਬਲਬੀਰ ਸਿੰਘ ਇਨ੍ਹਾਂ ਤੋਂ ਬੇਨਿਆਜ਼ ਆਪਣੇ ਲੋਕਾਂ, ਆਪਣੇ ਸਾਥੀਆਂ, ਆਪਣੇ ਭਾਈਚਾਰੇ ਅਤੇ ਆਪਣੇ ਇਲਾਕੇ ਲਈ ਨਿਰੰਤਰ ਜੂਝਦਾ ਰਿਹਾ, ਯਤਨਸ਼ੀਲ ਰਿਹਾ ਅਤੇ ਸਿਦਕਦਿਲੀ ਨਾਲ ਸੱਚਾ ਸੁੱਚਾ, ਨਿਸ਼ਕਾਮ ਅਤੇ ਨਿਧੜਕ ਆਗੂ ਬਣਿਆਂ ਰਿਹਾ। ਜੀਵਨ ਦਾ ਵਧੀਆ ਹਿੱਸਾ ਆਜ਼ਾਦੀ ਲਈ ਵਾਰਿਆ ਪਰੰਤੂ ਇਸ ਦੇ ਇਵਜ਼ ਵਿੱਚ ਸੁਤੰਤਰਤਾ ਸੰਗ੍ਰਾਮੀਆਂ ਨੂੰ ਮਿਲੀਆਂ/ ਮਿਲਦੀਆਂ ਸਹੂਲਤਾਂ ਅਤੇ ਭੱਤਿਆਂ ਨੂੰ ਵੀ ਕਦੇ ਨਹੀਂ ਸਵੀਕਾਰਿਆ। ਹਮੇਸ਼ਾਂ ਸਾਦਕ ਸ਼ਹਿਰੀ ਵਜੋਂ 26 ਜਨਵਰੀ ਦਾ ਸੁਤੰਤਰਤਾ ਦਿਵਸ ਸ਼ਾਹੀ ਸ਼ਾਨੋ-ਸ਼ੌਕਤ ਨਾਲ ਮਨਾਇਆ ਅਤੇ ਲੋਕ ਸ਼ਕਤੀ ਨੂੰ ਨਾਲ

ਰੱਖਿਆ।

1978 ਤੋਂ ਪੰਜਾਬ ਅੰਦਰ ਫੈਲਿਆ ਅੱਤਵਾਦੀ ਦੌਰ ਇਸ ਪ੍ਰਾਂਤ ਲਈ ਕਾਲਾ ਦੌਰ ਸਾਬਤ ਹੋਇਆ ਜਿਸ ਨੇ ਨਾ ਕੇਵਲ ਹੱਸਦੇ ਵੱਸਦੇ ਪੰਜਾਬੀਆਂ ਨੂੰ ਹੀ ਪਤਾਲਾਂ ਵਿੱਚ ਲਿਜਾ ਸੁੱਟਿਆ ਸਗੋਂ ਚੁਣ ਚੁਣ ਕੇ ਖੋਹੇ ਗਏ ਲੋਕ-ਸੇਵਕਾਂ ਅਤੇ ਸੁਹਿਰਦ ਨੇਤਾਵਾਂ ਨੂੰ ਵੀ ਸਦੀਵੀ ਨੀਂਦ ਸੁਲਾ ਦਿੱਤਾ। ਹਿੰਦੂ-ਸਿੱਖਾਂ ਵਿੱਚ ਪਾਏ ਪਾੜੇ ਨੇ ਸਾਡੇ ਇਸ ਜਾਂਬਾਜ਼ ਨੇਤਾ ਨੂੰ ਵੀ ਹਲੂਣ ਦਿੱਤਾ। ਪਰ ਉਹ ਦਿਨ-ਰਾਤ ਇਸ ਏਕਤਾ ਅਤੇ ਇੱਕਮੁੱਠਤਾ ਲਈ ਯਤਨਸ਼ੀਲ ਰਿਹਾ। ਆਖ਼ਰ ਇਸ ਆਤੰਕਵਾਦੀ ਸਰਾਲ੍ਹ ਨੇ 10 ਮਈ, 1985 ਨੂੰ ਹੁਸ਼ਿਆਰਪੁਰ ਦੀ ਰੂਹੇ-ਰਵਾਂ ਇਸ ਸਖਸ਼ੀਅਤ ਨੂੰ ਆਪਣੇ ਅੰਦਰ ਨਿਗਲ ਲਿਆ ਅਤੇ ਉਹ ਵੀ ਲੰਮੀ ਸੂਚੀ ਵਿੱਚ ਜਾ ਸ਼ਾਮਿਲ ਹੋਇਆ ਜਿਸ ਵਿੱਚ ਪਹਿਲਾਂ ਵੀ ਮਹਾਨ ਅਤੇ ਸਮਾਜਸੇਵੀ ਅਨੇਕ ਨਾਮੀ ਅਤੇ ਸਿਰਕਰਦਾ ਲੋਕ ਸ਼ਾਮਲ ਹੋ ਚੁੱਕੇ ਸਨ। ਆਪਣੇ ਲੋਕਾਂ ਲਈ ਆਜੀਵਨ ਸੰਘਰਸ਼ ਕਰਨ ਵਾਲੇ ਇਸ ਮਹਾਨ ਸਪੂਤ ਦਾ ਅਜਿਹਾ ਤ੍ਰਾਸਿਦਕ ਅੰਤ ਕਿੰਨਾ ਵੱਡਾ ਮਿਹਣਾ ਹੈ ਸਾਡੇ 'ਤੇ! ਸਾਡੀ ਸਰਕਾਰ 'ਤੇ! ਅਤੇ ਸਾਡੇ ਸਮਾਜ 'ਤੇ!

ਨਿਰਸੰਦੇਹ, ਉਨ੍ਹਾਂ ਦੀ ਵਚਨਬੱਧਤਾ ਸਦਾ ਆਰੀਆ ਸਮਾਜ ਨਾਲ ਰਹੀ ਅਤੇ ਇਨ੍ਹਾਂ ਸੰਸਥਾਵਾਂ ਦੇ ਸੁਯੋਗ ਨੇਤਾ ਬਣ ਕੇ ਉਸ ਨੇ ਡੀ.ਏ.ਵੀ. ਸੰਸਥਾਵਾਂ ਵਿੱਚ ਨਵੀਂ ਰੂਹ ਫੂਕੀ ਪਰੰਤੂ ਸਮੁੱਚੀ ਮਨੁੱਖਤਾ ਦੇ ਕਲਿਆਣ ਹਿਤ ਉਹ ਸਦਾ ਕਾਰਜਸ਼ੀਲ ਰਿਹਾ, ਜਨਤਾ ਲਈ ਹਮੇਸ਼ਾਂ ਸੰਘਰਸ਼ਸ਼ੀਲ। 1984 ਵਿੱਚ ਹੁਸ਼ਿਆਰਪੁਰ ਵਿਖੇ ਸੈਣੀ ਬਰਾਦਰੀ ਦਾ ਇੱਕ ਵੱਡਾ ਸੰਮੇਲਨ ਵੀ ਆਯੋਜਿਤ ਕੀਤਾ ਅਤੇ ਇੰਜ ਆਪਣੀ ਬਰਾਦਰੀ ਪ੍ਰਤਿ ਆਪਣੀ ਵਫ਼ਾਦਾਰੀ ਦਾ ਸਬੂਤ ਵੀ ਦਿੱਤਾ। ਉਹ ਅਪਣੇ ਅਧੀਨ ਸੰਸਥਾਵਾਂ ਵਿੱਚ ਸੈਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਦਾਖਲੇ ਜਾਂ ਨੌਕਰੀਆਂ ਪਹਿਲ ਦੇ ਅਧਾਰ 'ਤੇ ਦੇਣ ਵਿੱਚ ਕੋਈ ਸੰਕੋਚ ਨਹੀਂ ਸੀ ਕਰਦਾ। ਸ਼੍ਰੀ ਕਮਲ ਚੌਧਰੀ ਦੇ ਰੂਪ ਵਿੱਚ ਉਸ ਦਾ ਇੱਕ ਪੁੱਤਰ ਐਮ.ਪੀ. ਬਣਿਆਂ ਅਤੇ ਦੂਸਰੇ ਪੁੱਤਰ ਨੇ ਮਰਚੈਂਟ ਨੇਵੀ ਵਿੱਚ ਸੇਵਾ ਕੀਤੀ। ਇੱਕ ਪੁੱਤਰੀ ਡਾਕਟਰ ਹੈ ਤੇ ਦੂਸਰੀ ਵਿਦੇਸ਼ ਗਈ ਹੋਈ ਹੈ। ਆਪਣੇ ਇਸ ਸੰਘਰਸ਼ਮਈ ਵਿਅੱਕਤਿਤਵ 'ਤੇ ਸੈਣੀ ਸਮਾਜ ਨੂੰ ਹਮੇਸ਼ਾਂ ਮਾਣ ਰਹੇਗਾ ਜੋ ਆਜੀਵਨ ਭ੍ਰਿਸ਼ਟਾਚਾਰੀ ਸਿਆਸਤ ਅਤੇ ਜੀਵਨ ਤੋਂ ਕੋਹਾਂ ਦੂਰ ਰਿਹਾ

❊ ❊ ❊ ❊ ❊

**ਭਾਵਭਿੰਨੀ ਸ਼ਰਧਾਂਜਲੀ**

**ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਉਨ੍ਹਾਂ ਦੇ 306ਵੇਂ ਸ਼ਹੀਦੀ ਦਿਵਸ, 25 ਜੂਨ 'ਤੇ।**



## ਇੰਗਲੈਂਡ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ

ਪੰਜਾਬ ਵਿੱਚ ਮੋਗਾ ਜ਼ਿਲ੍ਹੇ ਦੇ ਪਿਛੋਕੜ ਵਾਲੀ ਕਮਲਪ੍ਰੀਤ ਕੌਰ ਨੇ ਲੰਡਨ ਵਿੱਚ ਪਹਿਲੀ ਦਸਤਾਰਧਾਰੀ ਮਹਿਲਾ ਕੌਂਸਲਰ ਬਣ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਉਸ ਨੇ ਲੇਬਰ ਪਾਰਟੀ ਦੀ ਟਿਕਟ 'ਤੇ 'ਵੁੱਡ ਐਂਡ ਵਾਰਡ' ਹਲਕੇ ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਸਮਰਥਕ ਨੂੰ 1100 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਕੇ ਇਤਿਹਾਸ ਸਿਰਜਿਆ ਹੈ।



ਕਮਲਪ੍ਰੀਤ ਕੌਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਿੱਖਿਆ ਹਾਸਲ ਕਰ ਕੇ ਇੰਗਲੈਂਡ ਚਲੇ ਗਈ ਸੀ ਅਤੇ ਇਸ ਸਮੇਂ ਹਿਲਿੰਗਡਨ ਥਰੋ ਵਿਖੇ ਰਹਿ ਰਹੀ ਹੈ। ਉਸ ਨੇ ਯੂਨੀਵਰਸਿਟੀ ਕਾਲਜ ਲੰਡਨ ਅਤੇ ਕੁਈਨਮੈਰੀ ਯੂਨੀਵਰਸਿਟੀ ਤੋਂ ਉੱਚ ਸਿੱਖਿਆ ਹਾਸਲ ਕਰ ਕੇ ਪੱਤਰਕਾਰੀ ਵਿੱਚ ਨਾਮ ਕਮਾਇਆ। ਇਸ ਸਮੇਂ ਉਹ ਆਕਾਸ਼ ਰੇਡੀਓ ਤੇ ਟੀਵੀ ਇੰਗਲੈਂਡ ਦੀ ਮੁੱਖ ਪ੍ਰਬੰਧਕ ਹੈ ਅਤੇ ਇੰਗਲੈਂਡ ਵਸਦੇ ਪੰਜਾਬੀਆਂ ਵਿੱਚ ਹਰਮਨਪਿਆਰੀ ਸਮਾਜਸੇਵੀ ਹੈ।

❊ ❊ ❊ ❊ ❊

## ਸਿਹਤ ਸਬੰਧੀ ਜ਼ਰੂਰੀ ਨੁਕਤੇ

- ਫੋਨ ਖੱਬੇ ਕੰਨ ਨਾਲ ਸੁਣੋ।
- ਠੰਢੇ ਪਾਣੀ ਨਾਲ ਕਦੇ ਵੀ ਦਵਾਈ ਨਾ ਖਾਓ।
- ਸ਼ਾਮ 5 ਵਜੇ ਤੋਂ ਬਾਅਦ ਭਾਰਾ ਖਾਣਾ ਨਾ ਖਾਓ।
- ਸਵੇਰੇ ਪਾਣੀ ਵੱਧ ਪੀਓ, ਸ਼ਾਮ ਨੂੰ ਘੱਟ।
- ਫੋਨ ਦੀ ਬੈਟਰੀ ਬਿਲਕੁਲ ਬੰਦ ਹੋਣ 'ਤੇ ਫੋਨ ਨਾ ਸੁਣੋ।
- ਸੌਣ ਦਾ ਸਭ ਤੋਂ ਵਧੀਆ ਸਮਾਂ ਸ਼ਾਮ 10 ਵਜੇ ਤੋਂ ਸਵੇਰੇ 4 ਵਜੇ ਤੱਕ ਹੈ।
- ਦਵਾਈ ਖਾਣ ਤੋਂ ਝਟਪਟ ਬਾਅਦ ਸੌਵੋਂ ਨਾ।
- ਪਲਾਟਿਕ ਦੇ ਕੱਪਾਂ ਵਿੱਚ ਕਦੇ ਚਾਹ ਨਾ ਪੀਓ।
- ਪਲਾਸਟਿਕ ਪੇਪਰ 'ਤੇ ਕਦੇ ਖਾਣਾ ਨਾ ਖਾਓ। ਇਸ ਨਾਲ ਕੈਂਸਰ ਹੁੰਦਾ ਹੈ।
- ਕੁਰਕੁਰੇ ਨਾ ਖਾਓ। ਇਨ੍ਹਾਂ ਵਿੱਚ ਬਹੁਤ ਮਾਤਰਾ ਵਿੱਚ ਪਲਾਸਟਿਕ ਹੈ।

ਡਾ. ਅੰਜੁਲੀ ਮਾਥੁਰ,
(ਚੇਅਰਮੈਨ ਇੰਡੋ ਅਮੈਰੀਕਨ ਹਾਸਪੀਟਲ ਸਾਊਥ ਡਾਕੋਟਾ,USA)

ਬਰਸੀ ਦਿਹਾੜੇ, 27 ਜੂਨ 'ਤੇ ਸ਼ਰਧਾਂਜਲੀ

# ਮਹਾਰਾਜਾ ਰਣਜੀਤ ਸਿੰਘ ਦਾ ਪਰਿਵਾਰ

**ਖੁਸ਼ਵੰਤ ਸਿੰਘ**

ਰਣਜੀਤ ਸਿੰਘ ਦੇ ਵੱਡੇ-ਵਡੇਰੇ ਸਾਧਾਰਨ ਕਿਸਾਨ ਸਨ, ਜੋ ਗੁੱਜਰਾਂਵਾਲਾ ਦੇ ਨੇੜੇ-ਤੇੜੇ ਦੇ ਪਿੰਡਾਂ ਵਿਚ ਖੇਤੀ ਕਰ ਕੇ ਤੇ ਪਸ਼ੂ ਪਾਲ ਕੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਸਨ। ਇਸ ਪਰਿਵਾਰ ਦਾ ਪਹਿਲਾ ਵਿਅਕਤੀ ਜਿਸ ਨੇ ਕੁੱਝ ਪ੍ਰਸਿੱਧੀ ਪ੍ਰਾਪਤ ਕੀਤੀ, ਉਹ ਬੱਧ ਸਿੰਘ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕ ਕੇ ਖਾਲਸਾ ਸਜਣ ਦਾ ਮਾਨ ਪ੍ਰਾਪਤ ਕੀਤਾ ਸੀ। ਬੁੱਧ ਸਿੰਘ ਇੱਕ ਰਾਹਮਾਰ ਸੀ, ਜਿਸ ਦੀ ਬਹਾਦਰੀ ਤੇ ਕਸ਼ਟ ਸਹਿਣ ਦੀ ਸ਼ਕਤੀ ਦੇ ਕਮਾਲ ਤੇ ਉਸ ਦੀ ਡੱਬਖੜੱਬੀ ਘੋੜੀ ਦੇ ਕਰਤੱਵਾਂ ਨੇ ਦੋਹਾਂ ਨੂੰ ਬਹੁਤ ਪ੍ਰਸਿੱਧ ਕਰ ਦਿੱਤਾ ਸੀ। ਉਹ ਦੋਵੇਂ ਪੰਜਾਬ ਦੇ ਮੈਦਾਨਾਂ ਵਿੱਚ ਘੁੰਮੇ ਫਿਰੇ ਸਨ ਤੇ ਉਨ੍ਹਾਂ ਨੇ ਇਸ ਇਲਾਕੇ ਦੇ ਚੌੜੇ ਦਰਿਆਵਾਂ ਨੂੰ ਹੜ੍ਹਾਂ ਸਮੇਂ ਕਈ ਵਾਰ ਪਾਰ ਕੀਤਾ ਸੀ। ਉਹ ਆਪੋ ਵਿੱਚ ਇੰਨੇ ਅਨਿੱਖੜ ਤੇ ਇੱਕਜਾਨ ਸਨ ਕਿ ਉਨ੍ਹਾਂ ਦੋਹਾਂ ਨੂੰ ਸਾਂਝੇ ਤੌਰ 'ਤੇ 'ਦੇਸਾਂ ਬੁੱਧ ਸਿੰਘ' ਕਰ ਕੇ ਪ੍ਰਸਿੱਧੀ ਪ੍ਰਾਪਤ ਹੋਈ। ਜਦੋਂ ਬੁੱਧ ਸਿੰਘ 1718 ਵਿੱਚ ਮਰਿਆ ਤਾਂ ਉਸ ਦਾ ਸਰੀਰ ਕਟਾਰ ਦੇ ਜ਼ਖਮਾਂ ਤੇ ਬੰਦੂਕ ਦੀਆਂ ਗੋਲੀਆਂ ਨਾਲ ਛਾਣਨੀ-ਛਾਣਨੀ ਹੋਇਆ ਪਿਆ ਸੀ। ਉਸ ਦੇ ਤਿੰਨ ਪੁੱਤਰ ਸਨ-ਨੌਧ ਸਿੰਘ, ਗੁਲਾਬ ਸਿੰਘ ਅਤੇ ਚੰਦਾ ਸਿੰਘ। ਉਸ ਨੇ ਆਪਣੇ ਪੁੱਤਰਾਂ ਲਈ ਕੁੱਝ ਪਿੰਡ ਛੱਡੇ ਜਿਨ੍ਹਾਂ ਨੂੰ ਉਹ ਆਪਣੇ ਕਹਿ ਸਕਦੇ ਸਨ ਤੇ ਕੁੱਝ ਪਿੰਡ ਗੁਆਂਢ ਵਿੱਚ ਹੋਰ ਵੀ ਸਨ ਜਿਹੜੇ 'ਰਾਖੀ ਕਰ' ਅਦਾ ਕਰਿਆ ਕਰਦੇ ਸਨ।

ਬੁੱਧ ਸਿੰਘ ਦੇ ਬੜੇ ਪੁੱਤਰ ਨੌਧ ਸਿੰਘ ਨੇ ਪਿੰਡ ਸ਼ੁਕਰਚੱਕ ਦੀ ਕਿਲਾਬੰਦੀ ਕੀਤੀ ਤੇ ਕੁੱਝ ਵਿਅਕਤੀਆਂ ਦੀ ਫੌਜ ਖੜ੍ਹੀ ਕੀਤੀ, ਜਿਨ੍ਹਾਂ ਨੂੰ 'ਸ਼ੁਕਰਚੱਕੀਏ' ਕਿਹਾ ਗਿਆ। ਸ਼ੁਕਰਚੱਕੀਆਂ ਨੇ ਦੂਸਰੀਆਂ ਮਿਸਲਾਂ ਦੇ ਸੈਨਿਕਾਂ ਨਾਲ ਮਿਲ ਕੇ ਅਹਿਮਦਸ਼ਾਹ ਅਬਦਾਲੀ ਨਾਲ ਕਈ ਲੜਾਈਆਂ ਲੜੀਆਂ। ਜਿਉਂ ਹੀ ਅਫ਼ਗਾਨ ਪਿੱਛੇ ਹਟੇ ਉਨ੍ਹਾਂ ਨੇ ਰਾਵੀ ਤੇ ਜਿਹਲਮ ਵਿਚਕਾਰਲੇ ਇਲਾਕੇ ਦੇ ਕੁੱਝ ਭਾਗਾਂ 'ਤੇ ਕਬਜ਼ਾ ਕਰ ਲਿਆ। ਉਸ ਦੇ ਚਾਰ ਪੁੱਤਰ ਸਨ-ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ ਤੇ ਮਾਘੀ ਸਿੰਘ। ਨੌਧ ਸਿੰਘ 1752 ਈਸਵੀ ਨੂੰ ਇੱਕ ਮੁੱਠਭੇੜ ਵਿੱਚ ਮਾਰਿਆ ਗਿਆ।

ਚੜ੍ਹਤ ਸਿੰਘ ਨੇ ਸ਼ੁਕਰਚੱਕ ਦੀ ਥਾਂ ਗੁੱਜਰਾਂਵਾਲੇ ਨੂੰ ਆਪਣੀ ਕਾਰਜਸ਼ਾਲਾ ਬਣਾ ਲਿਆ ਤੇ ਨਗਰ ਦੁਆਲੇ ਚਾਰਦੁਆਰੀ ਕਰਵਾ ਲਈ। ਲਾਹੌਰ ਦਾ ਅਫ਼ਗਾਨ ਸੂਬੇਦਾਰ ਉਸ ਨੂੰ ਫੜਨ ਲਈ ਛੋਟੀ ਜਿਹੀ ਫ਼ੌਜ ਲੈ ਕੇ ਆਇਆ ਪਰੰਤੂ ਸਰਦਾਰ ਨੇ ਉਸ ਨੂੰ ਭੱਜਣ 'ਤੇ ਮਜ਼ਬੂਰ ਕਰ ਦਿੱਤਾ ਤੇ ਉਹ ਆਪਣੀਆਂ ਤੋਪਾਂ ਤੇ ਅਨਾਜ-ਭੰਡਾਰ ਪਿੱਛੇ ਛੱਡ ਗਿਆ। ਇਸ ਸਫਲਤਾ ਤੋਂ ਉਤਸਾਹਿਤ ਹੋ ਕੇ ਚੜ੍ਹਤ ਸਿੰਘ ਨੇ ਵਜ਼ੀਰਾਬਾਦ, ਅਹਿਮਦਾਬਾਦ ਤੇ ਰੁਹਤਾਸ ਦੇ ਨਗਰ ਜਿੱਤ ਕੇ ਆਪਣੇ ਇਲਾਕੇ ਦਾ ਵਿਸਥਾਰ ਕਰ ਲਿਆ। ਪਰ ਜਦੋਂ ਅਫ਼ਗਾਨ ਸਰਦਾਰ ਨੇ ਫਿਰ ਅਫ਼ਗਾਨਿਸਤਾਨ ਤੋਂ ਆ ਕੇ ਹਮਲਾ ਕੀਤਾ ਤਾਂ ਚੜ੍ਹਤ ਸਿੰਘ ਜੰਗਲਾਂ ਵੱਲ ਨੱਠ ਗਿਆ ਤੇ ਉਸ ਦੀ ਰਿਆਸਤ ਦੇ ਪਿੰਡਾਂ ਦੇ ਲੋਕਾਂ ਨੂੰ ਬਹੁਤ ਮੁਸੀਬਤਾਂ ਝੱਲਣੀਆਂ ਪਈਆਂ। ਅਬਦਾਲੀ ਨੇ ਗੁੱਜਰਾਂਵਾਲਾ ਦੀ ਕਿਲ੍ਹੇਬੰਦੀ ਢਹਿ ਢੇਰੀ ਕਰ ਦਿੱਤੀ। ਚੜ੍ਹਤ ਸਿੰਘ ਨੇ ਅਫ਼ਗਾਨਾਂ ਦੀ ਵਾਪਸੀ ਸਮੇਂ ਉਨ੍ਹਾਂ ਦਾ ਪਿੱਛਾ ਕਰ ਕੇ, ਸਜ਼ਾ ਦੇ ਕੇ ਤੇ ਉਨ੍ਹਾਂ ਦੀ ਵਹੀਰ ਦਾ ਅਸਬਾਬ ਲੁੱਟ ਕੇ ਹਿਸਾਬ ਬਰਾਬਰ ਕਰ ਦਿੱਤਾ। ਉਸ ਨੇ ਗੁਜਰਾਂਵਾਲਾ ਦੀ ਮੁੜ ਕਿਲ੍ਹੇਬੰਦੀ ਕੀਤੀ ਤੇ ਗੁਆਂਢੀ ਖੇਤਰ 'ਤੇ ਅਧਿਕਾਰ ਕਰ ਲਿਆ। ਉਸ ਦਾ ਆਖਰੀ ਧਾਵਾ ਜੰਮੂ 'ਤੇ ਸੀ, ਜਿੱਥੇ ਅਬਦਾਲੀ ਦੇ ਹਮਲੇ ਸ਼ੁਰੂ ਹੋਣ ਤੋਂ ਹੀ ਬਹੁਤ ਸਾਰੇ ਪੰਜਾਬ ਦੇ ਅਮੀਰ ਪਰਿਵਾਰਾਂ ਨੇ ਸ਼ਰਨ ਲੈ ਰੱਖੀ ਸੀ।



ਲਾਰਡ ਵਿਲੀਅਮ ਬੈਂਟਿੰਕ ਅਤੇ ਮਹਾਰਾਜਾ ਰਣਜੀਤ ਸਿੰਘ 25 ਅਕਤੂਬਰ 1835

ਜੰਮੂ ਨੂੰ ਲੁੱਟਣ ਦੇ ਉਸ ਦੇ ਅਧਿਕਾਰ ਦਾ ਭੰਗੀ ਮਿਸਲ ਦੇ ਸਰਦਾਰਾਂ ਨੇ ਵਿਰੋਧ ਕੀਤਾ। ਇੱਕ ਝੜਪ ਵਿੱਚ ਚੜ੍ਹਤ ਸਿੰਘ ਆਪਣੀ ਹੀ ਤੋੜੇਦਾਰ ਬੰਦੂਕ ਚੱਲਣ ਨਾਲ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜੋ ਉਸ ਲਈ ਜਾਨਲੇਵਾ ਸਿੱਧ ਹੋਈ।

ਚੜ੍ਹਤ ਸਿੰਘ ਦੇ ਤਿੰਨ ਪੁੱਤਰਾਂ ਵਿੱਚੋਂ ਵੱਡੇ, ਚੌਦਾਂ ਸਾਲ ਦੇ ਮਹਾਂ ਸਿੰਘ ਨੂੰ ਵੀਰਤਾ ਤੇ ਅਭਿਲਾਸ਼ਾ ਦੇ ਗੁਣ ਵਿਰਸੇ ਵਿੱਚ ਹੀ ਮਿਲੇ। ਉਸ ਦਾ ਵਿਆਹ ਜੀਂਦ ਦੇ ਰਾਜਾ ਗਜਪਤ ਦੀ ਲੜਕੀ ਰਾਜ ਕੌਰ ਨਾਲ ਹੋਇਆ। ਇਸ ਕਾਰਨ ਮਹਾਂ ਸਿੰਘ ਦੀ ਸਥਿਤੀ ਹੋਰ ਮਿਸਲਦਾਰਾਂ ਵਿੱਚ ਮਜ਼ਬੂਤ ਹੋ ਗਈ। ਉਸ ਨੇ ਗੁੱਜਰਾਂਵਾਲਾ ਸ਼ਹਿਰ ਦੀ ਚਾਰਦੀਵਾਰੀ ਦੇ ਅੰਦਰ ਆਪਣੇ ਨਾਮ 'ਤੇ ਇੱਕ ਕਿਲ੍ਹਾ ਬਣਵਾਇਆ ਤੇ ਉਸ ਦਾ ਨਾਮ 'ਗੜ੍ਹੀ ਮਹਾਂ ਸਿੰਘ' ਰੱਖਿਆ। ਉਸ ਨੇ ਆਪਣੇ ਘੋੜ ਸਵਾਰਾਂ ਦੀ ਗਿਣਤੀ 6000 ਤੱਕ ਕਰ ਲਈ ਤੇ ਵਿਰਾਸਤ ਵਿੱਚ ਮਿਲੇ ਇਲਾਕੇ 'ਤੇ ਮੁੜ ਅਧਿਕਾਰ ਕਰ ਲਿਆ। ਉਸ ਦੇ ਇੱਕ ਹੀ ਪੁੱਤਰ ਰਣਜੀਤ ਸਿੰਘ ਦਾ ਜਨਮ 13 ਨਵੰਬਰ, 1780 ਨੂੰ ਗੱਜਰਾਂਵਾਲਾ ਵਿੱਚ ਹੋਇਆ।( ਕੁੱਝ ਇਤਿਹਾਸਕਾਰ ਰਣਜੀਤ ਸਿੰਘ ਦਾ ਜਨਮ ਜੀਂਦ ਦੇ ਨੇੜੇ ਬਡਰੁੱਖਾਂ ਨਗਰ ਦੀ

ਛੋਟੀ ਗੜ੍ਹੀ ਵਿੱਚ ਹੋਇਆ ਮੰਨਦੇ ਹਨ ਜੋ ਕਿ ਉਸ ਦੀ ਮਾਂ ਰਾਜ ਕੌਰ ਦਾ ਪੇਕਾ ਘਰ ਸੀ)। ਮਹਾਂ ਸਿੰਘ ਨੇ ਚੱਠਿਆਂ ਦੇ ਮੁਸਲਿਮ ਕਬੀਲੇ ਤੋਂ ਰਸੂਲਨਗਰ ਜਿੱਤਿਆ ਅਤੇ ਅਲੀਪੁਰ, ਪਿੰਡੀ ਭੱਟੀਆਂ, ਸ਼ਾਹੀਵਾਲ, ਈਸਾ ਖੇਲ ਤੇ ਸਿਆਲਕੋਟ ਆਦਿ 'ਤੇ ਕਬਜ਼ਾ ਕਰ ਲਿਆ। ਫਿਰ ਉਹ ਜੰਮੂ ਵੱਲ ਵਧਿਆ। ਉੱਥੋਂ ਦਾ ਡੋਗਰਾ ਹਾਕਮ ਇੱਕ ਦੌਲਤ ਨਾਲ ਭਰਪੂਰ ਸ਼ਹਿਰ ਨੂੰ ਛੱਡ ਕੇ ਭੱਜ ਗਿਆ। ਜੰਮੂ ਦੀ ਲੁੱਟ ਦੇ ਮਾਲ ਨਾਲ ਮਹਾਂ ਸਿੰਘ ਨੇ ਘੱਟ ਪ੍ਰਸਿੱਧੀ ਵਾਲੀ ਆਪਣੀ ਸ਼ੁਕਚੱਕੀਆ ਮਿਸਲ ਨੂੰ ਦੂਜੀਆਂ ਮਿਸਲਾਂ ਦੇ ਮਹਾਂ ਸੰਘ ਵਿੱਚ ਆਗੂ ਵਾਲੀ ਸਥਿਤੀ 'ਤੇ ਲਿਆ ਖੜ੍ਹਾ ਕੀਤਾ। ਤਾਕਤਵਰ ਕਨ੍ਹਈਆ ਮਿਸਲ ਦੇ ਸਰਦਾਰਾਂ ਨੇ ਮਹਾਂ ਸਿੰਘ ਦੇ ਜੰਮੂ ਲੁਟਣ ਦੀ ਵਿਰੋਧਤਾ ਕੀਤੀ। ਇਸ ਦੇ ਨਤੀਜੇ ਵਜੋਂ ਦੋਵੇਂ ਮਿਸਲਾਂ ਵਿੱਚ ਹੋਈਆਂ ਕਈ ਮੁੱਠਭੇੜਾਂ ਵਿੱਚੋਂ ਇੱਕ ਵਿੱਚ ਕਨ੍ਹਈਆ ਮਿਸਲ ਦਾ ਇਕਲੌਤਾ ਲੜਕਾ, ਗੁਰਬਖਸ਼ ਸਿੰਘ ਮਾਰਿਆ ਗਿਆ। ਇਸ ਨਾਲ ਕਨ੍ਹਈਆ ਮਿਸਲ ਦੇ ਸਰਦਾਰ ਦਾ ਮਾਣ ਟੁੱਟ ਗਿਆ। ਉਹ ਆਪਣੀ ਪੋਤਰੀ ਮਹਿਤਾਬ ਕੌਰ ਦੀ ਮੰਗਣੀ ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰਨ ਲਈ ਰਾਜ਼ੀ ਹੋ ਗਿਆ। ਮਹਾਂ ਸਿੰਘ 1792 ਵਿੱਚ ਉਦੋਂ ਮਰ ਗਿਆ ਜਦੋਂ ਰਣਜੀਤ ਸਿੰਘ ਦੀ ਉਮਰ ਅਜੇ 12 ਸਾਲ ਦੀ ਸੀ।

10 ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਨੂੰ ਪਹਿਲੀ ਸੈਨਿਕ ਮੁਹਿੰਮ 'ਤੇ ਜਾਣ ਦਾ ਤਜ਼ਰਬਾ ਪ੍ਰਾਪਤ ਹੋਇਆ ਜਦੋਂ ਗੁਜਰਾਤ ਦੇ ਸਾਹਿਬ ਸਿੰਘ ਭੰਗੀ ਵਲੋਂ ਸ਼ੁਕਰਚੱਕੀਆਂ ਨੂੰ ਖਿਰਾਜ ਦੇਣ ਤੋਂ ਨਾਂਹ-ਨੁਕਰ ਕਰਨ 'ਤੇ ਮਹਾਂ ਸਿੰਘ ਨੇ ਸੋਹਦਰਾਂ ਦੇ ਕਿਲ੍ਹੇ ਨੂੰ ਘੇਰਾ ਪਾਇਆ। ਇਹ ਘੇਰਾਬੰਦੀ ਕਈ ਮਹੀਨਿਆਂ ਤੱਕ ਲਟਕ ਗਈ ਜਿਸ ਦੌਰਾਨ ਮਹਾਂ ਸਿੰਘ ਬਿਮਾਰ ਹੋ ਗਿਆ। ਰਾਜ਼ੀ ਨਾ ਹੋ ਸਕਣ ਦੇ ਡਰ ਕਾਰਨ ਮਹਾਂ ਸਿੰਘ ਨੇ ਉੱਥੇ ਹੀ ਰਣਜੀਤ ਸਿੰਘ ਦੇ ਮੱਥੇ 'ਤੇ ਕੇਸਰ ਦਾ ਟਿੱਕਾ ਲਗਾ ਕੇ ਉਸ ਨੂੰ ਸ਼ੁੱਕਰਚੱਕੀਆਂ ਦਾ ਮੁਖੀ ਥਾਪ ਦਿੱਤਾ ਤੇ ਆਪ ਗੁੱਜਰਾਂਵਾਲਾ ਨੂੰ ਚਲੇ ਗਿਆ। ਰਣਜੀਤ ਸਿੰਘ ਨੇ ਇਸ ਮੁਹਿੰਮ ਵਿੱਚ ਜਿੱਤ ਹਾਸਲ ਕੀਤੀ ਜਿਸ ਦੀ ਖਬਰ ਮਹਾਂ ਸਿੰਘ ਨੂੰ ਆਪਣੀ ਮੌਤ ਤੋਂ ਪਹਿਲਾਂ ਮਿਲ ਗਈ ਸੀ।

ਰਣਜੀਤ ਸਿੰਘ ਉਮਰੋਂ ਬਹੁਤ ਛੋਟਾ ਤੇ ਚੰਚਲ ਸੁਭਾ ਹੋਣ ਕਾਰਨ ਆਪਣੀ ਰਿਆਸਤ ਦੇ ਰੋਜ਼ਾਨਾਂ ਪ੍ਰਬੰਧ ਦੀ ਕੋਈ ਪ੍ਰਵਾਹ ਨਹੀਂ ਕਰਦਾ ਸੀ। ਉਸ ਨੇ ਆਪਣੇ ਪਿਤਾ ਵੇਲੇ ਦੇ ਪ੍ਰਬੰਧਕ ਲਖਪਤ ਰਾਏ ਦੇ ਹੱਥ ਹੀ ਸਾਰਾ ਪ੍ਰਬੰਧ ਸੌਂਪਿਆ ਹੋਇਆ ਸੀ। ਆਪਣੀ ਮਾਤਾ, ਬਣਨ ਵਾਲੀ ਸੱਸ ਸਦਾ ਕੌਰ, ਮਾਮਾ ਦਲ ਸਿੰਘ ਦੀਆਂ ਸਾਜ਼ਿਸ਼ਾਂ ਕਾਰਨ ਰਣਜੀਤ ਸਿੰਘ ਘਰ ਦੇ ਮਾਹੌਲ ਤੋਂ ਇੰਨਾ ਉਕਤਾ ਗਿਆ ਕਿ ਉਸ ਨੇ ਆਪਣਾ ਬਹੁਤਾ ਸਮਾਂ ਨੌਕਰਾਂ ਨਾਲ ਤੇ ਸ਼ਿਕਾਰ ਖੇਡਣ ਵਿੱਚ ਲੰਘਾਉਣਾ ਸ਼ੁਰੂ ਕਰ ਦਿੱਤਾ। ਉਹ ਮੁਢਲੀ ਉਮਰ ਵਿੱਚ ਹੀ ਸ਼ਰਾਬ ਪੀਣ ਦਾ ਆਦੀ ਵੀ ਹੋ ਗਿਆ। ਰਣਜੀਤ ਸਿੰਘ ਦੀ ਮਾਂ ਨੇ ਆਪਣੇ ਪੁੱਤਰ ਦੇ ਭਵਿੱਖ ਦੀ ਚਿੰਤਾ ਕਾਰਨ ਉਸ ਦਾ ਵਿਆਹ 15 ਸਾਲ ਦੀ ਉਮਰ ਵਿੱਚ ਬਟਾਲਾ ਸ਼ਹਿਰ ਵਿਖੇ ਕਨ੍ਹਈਆ ਮਿਸਲ ਦੇ ਸਵਰਗੀ ਗੁਰਬਖਸ਼ ਸਿੰਘ ਦੀ ਲੜਕੀ ਮਹਿਤਾਬ ਕੌਰ ਨਾਲ ਕਰ ਦਿੱਤਾ। ਇਹ ਵਿਆਹ ਖੁਸ਼ੀ ਭਰਪੂਰ ਨਹੀਂ ਸੀ। ਮਹਿਤਾਬ ਕੌਰ ਅਜਿਹੇ ਵਿਅਕਤੀ ਨੂੰ ਪਿਆਰ ਕਰਨ ਵਿੱਚ ਔਕੜ ਮਹਿਸੂਸ ਕਰਦੀ ਸੀ ਜਿਸ ਦੇ ਬਾਪ ਨੇ ਉਸ ਦੇ ਪਿਤਾ ਨੂੰ ਮਾਰ ਮੁਕਾਇਆ ਸੀ। ਇਹ ਵਿਆਹ ਛੇਤੀ ਹੀ ਇੱਕ ਸਹੂਲਤ ਦਾ ਕਾਰਜ ਬਣ ਕੇ ਰਹਿ ਗਿਆ। ਰਣਜੀਤ ਸਿੰਘ ਤੇ ਉਸ ਦੀ ਸੱਸ ਸਦਾ ਕੌਰ ਦੋਵੇਂ ਹੀ ਅਭਿਲਾਖੀ ਸਨ ਜਿਸ ਕਾਰਨ ਉਨ੍ਹਾਂ ਵਿਚਕਾਰ ਇੱਕ ਅਜੀਬ ਹੀ ਪ੍ਰੇਮ ਤੇ ਨਫ਼ਰਤ ਵਾਲਾ ਰਿਸ਼ਤਾ ਬਣ ਗਿਆ ਸੀ। ਰਣਜੀਤ ਸਿੰਘ ਨੇ 1798 ਵਿੱਚ ਨਕਈ ਮਿਸਲ ਦੀ ਰਾਜ ਕੌਰ ਨਾਲ ਵਿਆਹ ਕਰਵਾ ਲਿਆ ਜੋ ਮਹਿਤਾਬ ਕੌਰ ਨਾਲੋਂ ਵੱਧ ਸਮਝਦਾਰ ਤੇ ਸਾਊ ਸੀ। ਰਣਜੀਤ ਸਿੰਘ ਉਸ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ। ਇਨ੍ਹਾਂ ਤੋਂ ਇਲਾਵਾ ਮਹਾਰਾਜੇ ਦੀਆਂ ਗਿਆਰਾਂ ਹੋਰ ਵਿਆਹਿਤਾ ਰਾਣੀਆਂ ਸਨ ਜਿਨ੍ਹਾਂ ਵਿੱਚੋਂ ਮੋਰਾਂ, ਰਤਨ ਕੌਰ, ਦਇਆ ਕੌਰ, ਚੰਦ ਕੌਰ, ਲੱਛਮੀ, ਮਹਿਤਾਬ ਕੌਰ, ਗਦਨ, ਬੰਸੋ, ਸੁਮਨ ਕੌਰ, ਰਾਣੀ ਜਿੰਦਾਂ ਅਤੇ ਗੁੱਲ ਬਹਾਰਾ ਬੇਗਮ ਪ੍ਰਸਿੱਧ ਹਨ। ਇਨ੍ਹਾਂ ਤੋਂ 7 ਪੁੱਤਰਾਂ ਨੇ ਜਨਮ ਲਿਆ । ਦੂਜੇ ਵਿਆਹ ਨੂੰ ਬਹਾਨਾ ਬਣਾ ਕੇ ਮਹਿਤਾਬ ਕੌਰ ਬਟਾਲਾ ਚਲੇ ਗਈ ਅਤੇ ਮੁੜ ਕਦੇ ਕਤਾਂਈ ਹੀ ਆਪਣੇ ਪਤੀ ਦੇ ਘਰ ਆਈ। ਇਸ ਸਮੇਂ ਹੀ ਰਣਜੀਤ ਸਿੰਘ ਦੇ ਮਾਮਾ ਦਲ ਸਿੰਘ ਦੇ ਕਤਲ ਤੋਂ ਬਣੀ ਨਾਜ਼ੁਕ ਸਥਿਤੀ ਨੂੰ ਮਹਿਸੂਸ ਕਰਦਿਆਂ ਰਣਜੀਤ ਸਿੰਘ ਨੇ ਸਾਰੇ ਸਲਾਹਾਕਾਰਾਂ ਤੋਂ ਮੁਕਤ ਹੋ ਕੇ ਰਾਜ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਇਸ ਤਰ੍ਹਾਂ 17 ਸਾਲ ਦੀ ਉਮਰ ਵਿੱਚ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਅਸਲੀ ਮਾਲਕ ਬਣਿਆ। 27 ਜੂਨ 1839 ਨੂੰ ਮਹਾਰਾਜਾ ਅਧਰੰਗ ਦੀ ਬਿਮਾਰੀ ਨਾਲ ਚਲਾਣਾ ਕਰ ਗਏ।

* * * * *

## ਕੈਨੇਡਾ ਦੇ ਓਂਟਾਰੀਓ ਸੂਬੇ ਦੀ ਵਿਧਾਨ ਸਭਾ ਲਈ ਚੁਣੇ ਗਏ ਪੰਜਾਬੀਆਂ ਨੂੰ ਲੱਖ ਲੱਖ ਵਧਾਈ


ਹਰਦੀਪ ਗਰੇਵਾਲ


ਪ੍ਰਭਜੀਤ ਸਰਕਾਰੀਆ


ਅਮਰਜੋਤ ਸੰਧੂ


ਨੀਨਾ ਤਾਂਗੜੀ


ਪਰਮ ਗਿੱਲ


ਦੀਪਕ ਆਨੰਦ

# ਬੇਦੀ ਵੰਸ਼ ਅਤੇ ਪੰਜਾਬ



ਦਵਿੰਦਰ ਜਟਾਣਾ
ਰੂਪਨਗਰ

ਪੰਜਾਬ, ਰਈਸਾਂ ਤੇ ਸਰਦਾਰਾਂ ਦੀ ਵਿਰਾਸਤ ਸਾਂਭੀ ਬੈਠਾ ਹੈ। ਅਜਿਹਾ ਹੀ ਇੱਕ ਪਰਿਵਾਰ ਜਿਸ ਦਾ ਧਾਰਮਿਕ ਪਿਛੋਕੜ ਤੇ ਮਹੱਤਤਾ ਗੁਰੂ ਨਾਨਕ ਦੇਵ ਜੀ ਨਾਲ ਜਾ ਜੁੜਦੀ ਹੈ। ਉਹ ਆਪਣੇ ਆਪ ਨੂੰ ਬੇਦੀ ਵੰਸ਼ ਦੀ ਚਲਦੀ ਪੀਹੜੀ ਨਾਲ ਜੋੜਦੇ ਹਨ। ਬੇਦੀ, ਜਿਸ ਦਾ ਭਾਵ ਹੈ ਵੇਦੀ-ਵੇਦਾਂ ਦੇ ਗਿਆਤਾ। ਇਤਿਹਾਸਕ ਲਿਖਤਾਂ ਦਰਸਾਉਂਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਨ੍ਹਾਂ ਦੇ ਦੋ ਸਪੁੱਤਰ-ਬਾਬਾ ਲਖਮੀ ਚੰਦ ਅਤੇ ਬਾਬਾ ਸਿਰੀ ਚੰਦ ਜੀ ਹੋਏ। ਬਾਬਾ ਸਿਰੀ ਚੰਦ ਜੀ ਨੇ ਵਿਆਹ ਨਹੀ ਕਰਵਾਇਆ ਤੇ ਉਦਾਸੀ ਮੱਤ ਦੇ ਬਾਨੀ ਬਣੇ। ਲਖਮੀ ਚੰਦ ਜੀ ਦੀ ਵੰਸ਼ ਅੱਗੇ ਤੁਰਦੀ ਨੌਵੀਂ ਪੀੜ੍ਹੀ ਵਿੱਚ ਬਾਬਾ ਸਾਹਿਬ ਸਿੰਘ ਬੇਦੀ ਹੋਏ। ਉਹ ਮਹਾਰਾਜਾ ਰਣਜੀਤ ਸਿੰਘ ਤੇ ਪਹਿਲਾਂ ਮਿਸਲਾਂ ਵਿੱਚ ਮਹੱਤਵਪੂਰਨ ਧਾਰਮਿਕ ਰੁਤਬਾ ਰੱਖਦੇ ਸਨ। ਮਹਾਰਾਜਾ ਹਰ ਔਖੇ ਰਾਜਨੀਤਿਕ ਸਮੇਂ ਕੂਟਨੀਤਿਕ ਸਬੰਧਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਉਨ੍ਹਾਂ ਤੋਂ ਸਲਾਹ ਮਸ਼ਵਰਾ ਲੈਂਦੇ ਸਨ। ਉਨ੍ਹਾਂ ਦੇ ਕਹੇ ਬੋਲਾਂ ਜਾਂ ਸਲਾਹ ਨਾਲ ਸਿੱਖ ਰਾਜੇ ਜਾਂ ਸਰਦਾਰ ਸਹਿਮਤੀ ਪ੍ਰਗਟ ਕਰਦੇ ਸਨ। ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਬੇਦੀ ਰਾਜ ਦਰਬਾਰ ਵਿੱਚ ਇੱਕ ਪ੍ਰਮੁੱਖ ਧਾਰਮਿਕ ਸ਼ਖਸੀਅਤ ਵਜੋਂ ਆਪਣੀ ਪਛਾਣ ਰਖਦੇ ਸਨ।

ਬਾਬਾ ਸਾਹਿਬ ਸਿੰਘ ਬੇਦੀ ਦੇ ਤਿੰਨ ਪੁੱਤਰ ਹੋਏ। ਸ. ਬਿਸ਼ਨ ਸਿੰਘ, ਭੋਮਾ ਸਿੰਘ ਤੇ ਬਿਕਰਮ ਸਿੰਘ। ਬਿਸ਼ਨ ਸਿੰਘ ਦੇ ਪੁੱਤਰ ਅਤਰ ਸਿੰਘ ਦਾ ਪਰਿਵਾਰਕ ਝਗੜੇ ਦੌਰਾਨ ਬਿਕਰਮ ਸਿੰਘ ਨੇ ਕਤਲ ਕਰ ਦਿੱਤਾ। ਅੱਗੋਂ ਉਨ੍ਹਾਂ ਦੇ ਦੋ ਪੁੱਤਰਾਂ ਵਿੱਚੋਂ ਸੰਪੂਰਨ ਸਿੰਘ ਤੇ ਛੋਟੇ ਖੇਮ ਸਿੰਘ ਬੇਦੀ ਹੋਏ ਜਿਨ੍ਹਾਂ ਨੇ ਪੰਜਾਬ ਵਿੱਚ ਧਾਰਮਿਕ ਸਮਾਜਿਕ ਤੇ ਰਾਜਨੀਤਿਕ ਸਫ਼ਾਂ ਵਿੱਚ ਨਿਵੇਕਲੀ ਥਾਂ ਪ੍ਰਾਪਤ ਕੀਤੀ। ਆਪਣੇ ਪਿਤਾ ਅਤਰ ਸਿੰਘ ਦੇ ਕਤਲ ਮਗਰੋਂ ਬਾਬਾ ਖੇਮ ਸਿੰਘ ਬੇਦੀ ਰਾਵਲਪਿੰਡੀ ਵੱਲ ਚਲੇ ਗਏ ਜਦੋਂਕਿ ਬਿਕਰਮ ਸਿੰਘ ਬੇਦੀ ਊਨਾ ਵਿੱਚ ਰਹਿਣ ਲੱਗੇ। ਉੱਥੇ ਹੀ ਬਾਬਾ ਸਾਹਿਬ ਸਿੰਘ ਬੇਦੀ ਨੂੰ ਜੋ ਮਹਾਰਾਜਾ ਰਣਜੀਤ ਸਿੰਘ ਤੋਂ ਮਿਲੀਆਂ ਜਾਇਦਾਦਾਂ ਦਾ ਵੱਡਾ ਹਿੱਸਾ ਉਨ੍ਹਾਂ ਕੋਲ ਰਿਹਾ। ਇਸ ਸਮੁੱਚੇ ਬੇਦੀ ਪਰਿਵਾਰ ਕੋਲ ਦਿਪਾਲਪੁਰ ਤਹਿਸੀਲ ਤੇ ਹੋਰ ਥਾਵਾਂ 'ਤੇ ਦੋਆਬੇ ਵਿੱਚ ਦਰਜਨਾਂ ਪਿੰਡ ਕਬਜ਼ੇ ਹੇਠ ਸਨ। ਇਸ ਤਰ੍ਹਾਂ ਬਾਬਾ ਬਿਕਰਮ ਸਿੰਘ ਬੇਦੀ ਨੇ 1857 ਤੋਂ ਮਗਰੋਂ ਸਿੱਖ ਇਤਿਹਾਸ ਵਿੱਚ ਆਪਣੀ ਭੂਮਿਕਾ ਨਿਭਾਈ। ਉਹ ਉਨ੍ਹਾਂ ਸਫ਼ਾਂ ਦੇ ਮੁਹਰੈਲ ਸਨ ਜੋ ਮਹਾਰਾਜਾ ਦਲੀਪ ਸਿੰਘ ਨੂੰ ਮੁੜ ਤੋਂ ਸਥਾਪਿਤ ਕਰ ਕੇ ਖਾਲਸਾ ਰਾਜ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹੇ। ਇਸ ਕੋਸ਼ਿਸ਼ ਵਿੱਚ ਉਨ੍ਹਾਂ ਸ. ਮਾਹਰਾਜ ਸਿੰਘ ਦਾ ਸਾਥ ਦਿੱਤਾ ਭਾਵੇਂ ਸਫ਼ਲਤਾ ਉਨ੍ਹਾਂ ਨੂੰ ਨਹੀਂ ਮਿਲੀ। ਬ੍ਰਿਟਿਸ਼ ਸਰਕਾਰ ਨੇ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਅਤੇ ਸਿੱਖਾਂ ਤੋਂ ਦੂਰ ਹੀ ਰੱਖਿਆ। ਇਸ ਤਰ੍ਹਾਂ ਬਾਬਾ ਬਿਕਰਮ ਸਿੰਘ ਬੇਦੀ ਅੰਗਰੇਜ਼ਾਂ ਵਿਰੁੱਧ ਬਗਾਵਤੀ ਸੁਰਾਂ ਦਾ ਸਾਥ ਦਿੰਦੇ ਰਹੇ। ਉਨ੍ਹਾਂ ਨਾਲ ਅਨੰਦਪੁਰ ਦੇ ਸੋਢੀ ਤੇ ਹੋਰ ਰਾਜੇ ਸਨ। ਦੂਜੇ ਪਾਸੇ ਬਾਬਾ ਖੇਮ ਸਿੰਘ ਬੇਦੀ ਜੋ ਸਾਹਿਬ ਸਿੰਘ ਬੇਦੀ ਪਰਿਵਾਰ ਦੀ ਵੱਡੀ ਬਰਾਂਚ ਵਿੱਚੋਂ ਸਨ, ਸਮੇਂ ਦੇ ਨਾਲ ਨਾਲ ਉਨ੍ਹਾਂ ਦੀ ਲਹਿੰਦੇ ਪੰਜਾਬ ਵਿੱਚ ਰਾਵੀ ਤੋਂ ਮੁਲਤਾਨ ਪੇਸ਼ਾਵਰ ਤੱਕ ਤੂਤੀ ਬੋਲਦੀ ਰਹੀ। ਆਪਣੇ ਪਿਤਾ ਅਤਰ ਸਿੰਘ ਦੀ ਮੌਤ ਮਗਰੋਂ ਉਹ ਕੁਲਾਰ ਰਾਵਲਪਿੰਡੀ ਰਹਿਣ ਲੱਗੇ। 1857 ਦੀ ਬਗਾਵਤ ਵਿੱਚ ਉਨ੍ਹਾਂ ਬ੍ਰਿਟਿਸ਼ ਸਰਕਾਰ ਦੀ ਮਦਦ ਕੀਤੀ ਤੇ ਉਹ ਅੰਗ੍ਰੇਜ਼ਾਂ ਦੇ ਚਹੇਤੇ ਬਣ ਗਏ। ਬਦਲੇ ਵਿੱਚ ਉਨ੍ਹਾਂ ਨੂੰ ਵੱਡੀਆਂ ਜ਼ਮੀਨਾਂ ਤੇ ਅਹੁਦਿਆਂ ਨਾਲ ਨਿਵਾਜਿਆ ਗਿਆ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੀ ਕਾਬਲੀਅਤ ਅਤੇ ਮਕਬੂਲੀਅਤ ਨੂੰ ਦੇਖਦਿਆਂ ਵਾਇਸ ਰਾਜੇ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਬਣਾਇਆ। ਉਨ੍ਹਾਂ ਦੀ ਮਿਹਨਤ ਤੇ ਸਰਕਾਰੇ ਦਰਬਾਰੇ ਪਹੁੰਚ ਅਤੇ ਧਾਰਮਿਕ ਸ਼ਖਸੀਅਤ ਕਾਰਨ ਉਹ ਪੰਜਾਬ ਦੇ ਸਭ ਤੋਂ ਵੱਡੇ ਜ਼ਿੰਮੀਦਾਰ ਬਣ ਗਏ। ਅੰਤਲੇ ਸਮਿਆਂ ਵਿੱਚ ਉਨ੍ਹਾਂ ਕੋਲ ਅਠਾਈ ਹਜ਼ਾਰ ਏਕੜ ਤੋਂ ਵੱਧ ਮਾਲਕੀ ਸੀ।



ਬਾਬਾ ਸਾਹਿਬ ਸਿੰਘ ਬੇਦੀ



ਬਾਬਾ ਖੇਮ ਸਿੰਘ ਬੇਦੀ

ਉਨੀਵੀਂ ਸਦੀ ਦੀ ਆਖਰੀ ਚੌਥਾਈ ਵਿੱਚ ਜਦੋਂ ਕਰਿਚਿਅਨ ਧਰਮ ਦਾ ਫੈਲਾਅ ਹੋਣ ਲੱਗਿਆ ਤਾਂ ਸਿੱਖ ਆਗੂਆਂ ਵਿੱਚ ਚਿੰਤਾ ਹੋਈ। ਇਸ ਰੁਝਾਨ ਨੂੰ ਰੋਕਣ ਲਈ ਇੱਕ ਇਕੱਤਰਤਾ ਹੋਈ ਜਿਸ ਵਿੱਚ ਬਾਬਾ ਖੇਮ ਸਿੰਘ ਬੇਦੀ ਤੇ ਠਾਕੁਰ ਸਿੰਘ ਸੰਧਾਵਾਲੀਆ ਆਦਿ ਸ਼ਾਮਿਲ ਹੋਏ। ਇਸ ਵਿੱਚ ਸ਼੍ਰੀ ਗੁਰੂ ਸਿੰਘ ਸਭਾ ਹੋਂਦ ਵਿੱਚ ਆਈ ਜਿਸ ਦੇ ਮੁਖੀ ਬਾਬਾ ਖੇਮ ਸਿੰਘ ਬੇਦੀ ਬਣੇ। ਜਿਉਂ ਜਿਉਂ ਸਿੰਘ ਸਭਾਵਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਤਾਂ ਉਸ ਦੇ ਆਪਸੀ ਤਾਲਮੇਲ ਲਈ ਖਾਲਸਾ ਦੀਵਾਨ ਬਣਾਇਆ। ਇਸ ਸੰਸਥਾ ਦੇ ਪ੍ਰਧਾਨ ਵੀ ਬਾਬਾ ਖੇਮ ਸਿੰਘ ਬੇਦੀ ਬਣੇ ਤੇ ਜਨਰਲ ਸਕੱਤਰ ਭਾਈ ਗੁਰਮੁਖ ਸਿੰਘ। ਇਸ ਸਾਰੇ ਵਰਤਾਰੇ ਵਿੱਚੋਂ ਬਾਬਾ ਖੇਮ ਸਿੰਘ ਬੇਦੀ ਦੇ ਪੈਰੋਕਾਰਾਂ ਨੇ ਉਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬੈਠਾਉਣਾ ਸ਼ੁਰੂ ਕੀਤਾ ਜਿਸ 'ਤੇ ਭਾਈ ਗੁਰਮੁਖ ਸਿੰਘ ਨੇ ਵਿਰੋਧਤਾ ਕੀਤੀ। ਇਸ ਵਿਰੋਧਤਾ ਕਾਰਨ ਭਾਈ ਗੁਰਮੁਖ ਸਿੰਘ ਨੂੰ ਪੰਥ ਵਿੱਚੋਂ ਛੇਕਿਆ ਗਿਆ। ਸਿੱਖਾਂ ਦੀ ਵੱਡੀ ਗਿਣਤੀ ਨੇ ਬਾਬਾ ਖੇਮ ਸਿੰਘ ਦੀ ਸੋਚ ਨੂੰ ਨਕਾਰਿਆ ਤਾਂ ਉਨ੍ਹਾਂ ਆਪਣੇ ਆਪ ਨੂੰ ਪੱਛਮੀ ਪੰਜਾਬ ਤੱਕ ਸੀਮਿਤ ਕਰ ਕੇ ਵੱਡੀ ਗਿਣਤੀ ਵਿੱਚ ਸਹਿਜਧਾਰੀ ਸਿੱਖਾਂ ਨੂੰ ਸਿੱਖੀ ਨਾਲ ਜੋੜਿਆ ਤੇ ਵਿੱਦਿਆ ਦੇ ਖੇਤਰ ਵਿੱਚ ਵੱਡੀਆਂ ਸੇਵਾਵਾਂ ਦਿੱਤੀਆਂ। ਬਾਬਾ ਬੇਦੀ ਅੰਗਰੇਜ਼ ਸਰਕਾਰ ਵਿੱਚਲੇ ਰੁਤਬੇ ਕਾਰਨ ਸ਼ਹਿਜ਼ਾਦਿਆਂ ਵਾਲਾ ਜੀਵਨ ਬਸਰ ਕਰਨ ਲੱਗੇ। 1905 ਵਿੱਚ ਉਨ੍ਹਾਂ ਦੇ ਦੇਹਾਂਤ ਮਗਰੋਂ ਉਨ੍ਹਾਂ ਦੇ ਕਈ ਪੁੱਤਰਾਂ ਵਿੱਚੋਂ ਬਾਬਾ ਹਰਦਿੱਤ ਸਿੰਘ ਬੇਦੀ, ਕਰਤਾਰ ਸਿੰਘ ਬੇਦੀ ਤੇ ਗੁਰਬਖਸ਼ ਸਿੰਘ ਬੇਦੀ ਨੇ ਸਮਾਜਿਕ-ਧਾਰਮਿਕ ਜੀਵਨ ਵਿੱਚ ਵੱਡੇ ਨਾਂ ਬਣਾਏ। ਉਹ ਸਾਂਝੇ ਪੰਜਾਬ ਦੇ ਵੱਡੇ ਰਈਸ ਘਰਾਣਿਆਂ ਵਿੱਚ ਸ਼ੁਮਾਰ ਹੋਏ। ਇਸੇ ਪਰਿਵਾਰ ਵਿੱਚੋਂ ਤੇਜੀ ਬੱਚਨ, ਹਰਿਵੰਸ਼ ਰਾਏ ਬਚਨ ਨਾਲ ਵਿਆਹੀ ਗਈ ਜਿਸ ਦਾ ਪੁੱਤਰ ਅਮਿਤਾਭ ਬੱਚਨ ਹੈ।

ਦੇਸ਼ ਦੀ ਵੰਡ ਮਗਰੋਂ ਬਾਬਾ ਖੇਮ ਸਿੰਘ ਬੇਦੀ ਦਾ ਪਰਿਵਾਰ ਫਾਜ਼ਿਲਕਾ ਆਬਾਦ ਹੋ ਗਿਆ ਜਿੱਥੇ ਇਨ੍ਹਾਂ ਕੋਲ ਪਿੰਡ ਲਾਲੋਵਾਲੀ, ਅਰਨੀਬਾਲਾ, ਛਪੜੀਵਾਲਾ, ਡਬਵਾਲਾ ਆਦਿ ਪਿੰਡਾਂ ਵਿੱਚ ਹਜ਼ਾਰਾਂ ਏਕੜ ਜ਼ਮੀਨ ਹੈ। ਮਸ਼ਹੂਰ ਉਰਦੂ ਸ਼ਾਇਰ ਕੰਵਰ ਮੋਹਿੰਦਰ ਸਿੰਘ ਬੇਦੀ , ਕੰਵਰ ਸੁਰਿੰਦਰ ਸਿੰਘ ਬੇਦੀ ਆਈ ਸੀ ਐਸ ਅੰਮ੍ਰਿਤਸਰ ਤੇ ਅੰਬਾਲਾ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਰਹੇ। ਸਭ ਤੋਂ ਛੋਟੇ ਕੰਵਰ ਲਾਜਿੰਦਰ ਸਿੰਘ ਬੇਦੀ ਜੋ ਕਿ ਖੇਤੀਬਾੜੀ ਫਾਰਮਿੰਗ ਦੀ ਦੇਖਰੇਖ ਕਰਦੇ ਹਨ ਜਲਾਲਾਬਾਦ ਤੋਂ ਐਮ.ਐਲ.ਏ. ਰਹੇ।

ਬਾਕੀ ਪੰਨਾ 27 'ਤੇ....



## ਸਮੁੰਦਰ ਦਾ ਪੱਥਰ

ਚਰਨਜੀਤ ਸਿੰਘ ਸਹੌੜਾਂ

ਮੈਂ ਜਦੋਂ ਸ਼ਾਮੀਂ ਪਾਰਕ ਵਿੱਚ ਗਿਆ ਤਾਂ ਦੇਖਿਆ ਕਿ ਏਨੀ ਚਹਿਲ ਪਹਿਲ ਵਿੱਚ ਮੇਰਾ ਦੋਸਤ ਅਜੀਤ ਰਾਹੀ ਇੱਕ ਬੈਂਚ 'ਤੇ ਚੁੱਪਚਾਪ ਬੈਠਾ ਹੈ। ਮੈਂ ਹੌਲ਼ੀ ਹੌਲ਼ੀ ਉੱਧਰ ਤੁਰ ਪਿਆ ਤੇ ਕੋਲ ਜਾ ਕੇ ਪੁੱਛਿਆ, "ਰਾਹੀ ਸਾਹਿਬ! ਕਿਹੜੀਆਂ ਸੋਚਾਂ ਵਿੱਚ ਗੋਤੇ ਖਾ ਰਹੇ ਹੋ, ਅੱਜ ਪਾਰਕ 'ਚ ਚੱਕਰ ਨੀ ਲਾਉਣੇ?"

" ਆਓ,ਆਓ ਤੇਜ ਪ੍ਰਕਾਸ਼ ਜੀ! ਅਸਲ ਵਿੱਚ ਅੱਜ ਮੂਡ ਨੀ, ਤੁਸੀਂ ਲਾਓ"।

"ਕੀ ਹੋਇਆ ਜਨਾਬ?" ਮੈਂ ਨਾਲ ਹੀ ਬੈਠਦੇ ਨੇ ਪੁੱਛਿਆ।

" ਯਾਰ ਤੇਜ ਪ੍ਰਕਾਸ਼! ਮੈਨੂੰ ਅੱਜ ਇੱਕ ਘਟਨਾ ਨੇ ਪ੍ਰੇਸ਼ਾਨ ਕਰ 'ਤਾ"।

" ਹੈ ਕੀ ਗੱਲ ਹੋ ਗੀ?"

" ਯਾਰ ਆਪਾਂ ਏਨੀ ਮਿਹਨਤ ਨਾਲ ਕਿਤਾਬਾਂ ਲਿਖਦੇ ਆਂ, ਹੋਰ ਲੇਖਕਾਂ ਦੀਆਂ ਕਿਤਾਬਾਂ ਵੀ ਲੈ ਕੇ ਪੜ੍ਹਦੇ ਆਂ ਤੇ ਉਨ੍ਹਾਂ ਨੂੰ ਆਪਣੇ ਆਪਣੇ ਕਮਰਿਆਂ ਵਿੱਚ ਸਜਾ ਕੇ ਰੱਖਦੇ ਆਂ। ਇਹ ਸਭ ਗਿਆਨ ਦਾ ਸਮੁੰਦਰ ਅਸੀਂ ਸਾਂਭ ਕੇ ਖੁਸ਼ੀ ਮਹਿਸੂਸ ਕਰਦੇ ਆਂ ਪਰ ਸਾਡੇ ਵਾਰਸ ਇਨ੍ਹਾਂ ਨੂੰ ਕਬਾੜ ਹੀ ਸਮਝਦੇ ਆ"।

" ਰਾਹੀ ਸਾਹਿਬ! ਤੁਹਾਡੀ ਗੱਲ ਸਹੀ ਆ। ਅਸਲ ਵਿੱਚ ਨਵੀਂ ਤਕਨਾਲੋਜੀ ਨਾਲ ਬੱਚੇ ਕਿਤਾਬਾਂ ਤੋਂ ਦੂਰ ਹੋ ਰਹੇ ਹਨ। ਵਕਤ ਨਾਲ ਚੱਲਣ ਵਿੱਚ ਉਹ ਵੀ ਮਜ਼ਬੂਰ ਲਗਦੇ। ਤੁਸੀਂ ਹੁਣੀ ਕਿਉਂ ਉਦਾਸ ਹੋਈ ਜਾਂਦੇ ਓ? ਜਦੋਂ ਵਕਤ ਆਇਆ ਦੇਖੀ ਜਾਊ"।

" ਤੇਜ ਪ੍ਰਕਾਸ਼ ਜੀ, ਵਕਤ ਤਾਂ ਆ ਗਿਆ, ਤਾਂ ਹੀ ਪ੍ਰੇਸ਼ਾਨ ਆਂ। ਆਪਣੇ ਸਵਰਗਵਾਸੀ ਦੋਸਤ ਦਾਗੀ ਸਾਹਿਬ ਦਾ ਪੁੱਤਰ ਅੱਜ ਦੁਪਹਿਰੇ ਆ ਗਿਆ ਤੇ ਰਿਕਸ਼ੇ ਤੇ ਬੋਰੀਆਂ 'ਚ ਭਰ ਕੇ ਕਿਤਾਬਾਂ ਲੈ ਆਇਆ। ਮੈਨੂੰ ਕਹਿਣ ਲੱਗਾ, ਅੰਕਲ ਜੀ! ਇਨ੍ਹਾਂ ਨੂੰ ਸਾਂਭੋ ਤੁਸੀਂ, ਜੋ ਮਰਜ਼ੀ ਕਰੋ, ਮੈਨੂੰ ਕੋਈ ਉਜਰ ਨੀ"।

" ਅੱਛਾ! ਕਿਤਾਬਾਂ ਦੀਆਂ ਬੋਰੀਆਂ ਭਰ ਲਿਆਇਆ?" ਹੈਰਾਨ ਹੋ ਕੇ ਬੋਲਿਆ ਮੈਂ।

" ਹਾਂ ਜੀ, ਮੈਂ ਕਿਹਾ, ਬੇਟੇ ਇਹ ਕਿਤਾਬਾਂ ਤੁਹਾਡੇ ਪਿਤਾ ਜੀ ਨੇ ਬਹੁਤ ਮਿਹਨਤ ਨਾਲ ਲਿਖੀਆਂ, ਇਹ ਗਿਆਨ ਦਾ ਭੰਡਾਰ ਨੇ। ਇਹ ਉਨ੍ਹਾਂ ਦੀਆਂ ਨਿਸ਼ਾਨੀਆਂ ਹਨ, ਵਿਰਾਸਤ ਹੈ ਇਹ ਤੁਹਾਡੀ। ਇਨ੍ਹਾਂ ਨੂੰ ਜੇਕਰ ਉਸੇ ਤਰ੍ਹਾਂ ਕਮਰੇ ਵਿੱਚ ਸਾਂਭ ਲੈਂਦੇ, ਤੁਹਾਡੀ ਇੱਜਤ ਹੋਣੀ ਸੀ ਤੇ ਸਾਨੂੰ ਵੀ ਖੁਸ਼ੀ ਮਿਲਦੀ। ਮੇਰੇ ਇਸ ਤਰ੍ਹਾਂ ਕਹਿਣ 'ਤੇ ਪਤਾ ਕੀ ਕਹਿੰਦਾ, 'ਅੰਕਲ! ਉਸ ਕਮਰੇ ਤੋਂ ਮੈਨੂੰ ਪੰਜ ਹਜ਼ਾਰ ਕਿਰਾਇਆ ਮਿਲਣਾ ਹੈ, ਇਨ੍ਹਾਂ ਕਿਤਾਬਾਂ ਨੇ ਕੀ ਦੇਣਾ ਮੈਨੂੰ, ਐਵੇਂ ਕਮਰਾ ਕਬਾੜਖਾਨਾ ਬਣ ਜਾਣਾ ਸੀ"।

ਇਹ ਗੱਲ ਸੁਣ ਕੇ ਮੈਂ ਸੁੰਨ ਹੋ ਗਿਆ। ਮੈਨੂੰ ਉਹ ਮੁੰਡਾ ਸਮੁੰਦਰ ਦਾ ਪੱਥਰ ਜਾਪਿਆ।

ਜੀਵਨ ਜਾਚ

# ਵਕਤ 'ਤੇ ਛੱਡੋ ਕੁਝ ਗੱਲਾਂ

ਸੰਜੀਵ ਸਿੰਘ ਸੈਣੀ
ਡੇਰਾਬਸੀ



ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਸਾਨੂੰ ਇਸ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਕਦੇ ਵੀ ਦੁਖੀ ਨਹੀਂ ਹੋਣਾ ਚਾਹੀਦਾ। ਸਾਨੂੰ ਜ਼ਿੰਦਗੀ ਹਰ ਪਲ ਹੱਸ ਕੇ ਗੁਜ਼ਾਰਨੀ ਚਾਹੀਦੀ ਹੈ। ਜ਼ਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ। ਇਸ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਬਿਤਾਓ। ਜੇ ਮਾੜਾ ਸਮਾਂ ਆ ਵੀ ਗਿਆ ਹੈ ਤਾਂ ਜ਼ਿਆਦਾ ਦੁਖੀ ਨਾ ਹੋਵੋ। ਸੁੱਖ-ਦੁੱਖ ਤਾਂ ਆਉਂਦੇ ਜਾਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ ਤਾਂ ਚੰਗਾ ਵੀ ਆਵੇਗਾ। ਚੰਗੇ ਸਮੇਂ ਵਿੱਚ ਜ਼ਿਆਦਾ ਖੁਸ਼ੀ ਵੀ ਨਾ ਮਨਾਓ। ਕਦੇ ਵੀ ਆਪਣੀ ਕਿਸਮਤ ਨੂੰ ਦੋਸ਼ੀ ਨਾ ਠਹਿਰਾਓ।

ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰ ਕੇ ਆਪਣੇ ਘਰ 'ਚ ਕਲੇਸ਼ ਪਾ ਕੇ ਬੈਠ ਜਾਂਦੇ ਹਾਂ, ਜਿਸ ਨਾਲ ਮਾਹੌਲ ਤਨਾਓਪੂਰਨ ਹੋ ਜਾਂਦਾ ਹੈ। ਅਕਸਰ ਪਰਿਵਾਰਾਂ ਵਿੱਚ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿੱਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ ਜੋ ਅਜਿਹੇ ਤਕਰਾਰਾਂ ਨੂੰ ਕੁੱਝ ਸਮਝਦੇ ਹੀ ਨਹੀਂ, ਭਾਵ ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ-ਛੋਟੇ ਤਕਰਾਰ, ਛੋਟੀਆਂ ਛੋਟੀਆਂ ਗੱਲਾਂ ਨੂੰ ਹੀ ਦਿਲ 'ਤੇ ਲਾ ਕੇ ਬੈਠ ਜਾਂਦੇ ਹਨ। ਉਹ ਆਪ ਵੀ ਪਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਪਰੇਸ਼ਾਨ ਕਰ ਦਿੰਦੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ 'ਚ ਚਲੇ ਜਾਂਦੇ ਹਨ। ਗੱਲ ਕੁੱਝ ਵੀ ਨਹੀਂ ਹੁੰਦੀ ਪਰ ਗੱਲ ਨੂੰ ਦਿਲ 'ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ।

ਅਸੀਂ ਕਹਿ ਦਿੰਦੇ ਹਾਂ ਕਿ ਉਸ ਦੀ ਕਿਸਮਤ ਬਹੁਤ ਚੰਗੀ ਹੈ ਜਾਂ ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰ ਕੇ ਬਹੁਤ ਕੁੱਝ ਕਮਾ ਲੈਂਦਾ ਹੈ। ਉਸ ਨੂੰ ਬਹੁਤ ਘੱਟ ਮਿਹਨਤ ਕਰਨੀ ਪਈ। ਉਸ ਨੂੰ ਆਪਣੀ ਕਿਸਮਤ ਤੋਂ ਜ਼ਿਆਦਾ ਮਿਲ ਗਿਆ। ਉਸ ਨੂੰ ਉਸ ਦੇ ਮਾਤਾ-ਪਿਤਾ ਨੇ ਬਹੁਤ ਕੁੱਝ ਦਿੱਤਾ ਹੈ। ਜਿੰਨਾ ਕੁ ਉਹ ਇਨਸਾਨ ਉਸ ਦੇ ਲਾਇਕ ਵੀ ਨਹੀ ਸੀ, ਫਿਰ ਵੀ ਪਤਾ ਨਹੀਂ ਉਸ ਨੂੰ ਕਿਹੜਾ ਖਜ਼ਾਨਾ ਮਿਲ ਗਿਆ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਅੰਦਰ ਉਸ ਇਨਸਾਨ ਪ੍ਰਤੀ ਈਰਖਾ ਵਾਲੇ ਵਿਚਾਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ।

ਅਜਿਹਾ ਕੋਈ ਇਨਸਾਨ ਨਹੀਂ ਹੈ ਜਿਸ ਦੀ ਜ਼ਿੰਦਗੀ ਵਿੱਚ ਕਦੇ ਵੀ ਉਤਰਾ-ਚੜ੍ਹਾਅ ਨਾ ਆਏ ਹੋਣ। ਜ਼ਿੰਦਗੀ ਵਿੱਚ ਚੰਗੇ-ਮਾੜੇ ਮੌਕੇ ਆਉਂਦੇ ਹੀ ਰਹਿੰਦੇ ਹਨ। ਅਸੀਂ ਸਾਰੇ ਹੀ ਦੇਖਦੇ ਹਾਂ ਕਿ ਜੇ ਗਰਮੀ ਹੈ ਤਾਂ ਸਰਦੀ ਦਾ ਮੌਸਮ ਵੀ ਆਉਂਦਾ ਹੈ। ਜੇ ਬਰਸਾਤ ਹੁੰਦੀ ਹੈ ਤਾਂ ਉਸ ਤੋਂ ਬਾਅਦ ਮੌਸਮ ਸਾਫ ਹੋ ਜਾਂਦਾ ਹੈ। ਜੇ ਦਿਨ ਚੜ੍ਹਦਾ ਹੈ ਤਾਂ ਰਾਤ ਵੀ ਆਉਂਦੀ ਹੈ। ਕਹਿਣ ਦਾ ਭਾਵ ਹੈ ਕਿ ਹਮੇਸ਼ਾਂ ਇੱਕ ਹੀ ਤਰ੍ਹਾਂ ਦੀ ਜ਼ਿੰਦਗੀ ਨਹੀਂ ਰਹਿੰਦੀ। ਸਦਾ ਇੱਕ ਹੀ ਤਰ੍ਹਾਂ ਦਾ ਸਮਾਂ ਨਹੀਂ ਰਹਿੰਦਾ। ਸਮਾਂ ਸਾਰਿਆਂ ਦਾ ਹੀ ਬਦਲਦਾ ਹੈ, ਚਾਹੇ ਅੱਜ ਬਦਲੇ ਜਾਂ ਕੁੱਝ ਦਿਨਾਂ ਬਾਅਦ। ਕਦੇ ਵੀ ਸਮਾਂ ਇੱਕੋ ਜਿਹਾ ਨਹੀ ਰਹਿੰਦਾ। ਕੁਦਰਤ ਹਰ ਇਨਸਾਨ ਨੂੰ ਮੌਕਾ ਦਿੰਦੀ ਹੈ। ਜੇ ਕਦੇ ਮਾੜਾ ਸਮਾਂ ਆ ਜਾਵੇ ਤਾਂ ਇੰਝ ਨਾ ਸੋਚੋ ਕਿ ਮੇਰੀ ਕਿਸਮਤ ਮਾੜੀ ਹੈ ਜਿਸ ਕਰਕੇ ਜ਼ਿੰਦਗੀ ਵਿੱਚ ਹਨੇਰਾ ਹੀ ਆ ਗਿਆ ਹੈ।

ਦਾਤੇ ਨੇ ਸਾਰੇ ਇਨਸਾਨਾਂ ਲਈ ਬਹੁਤ ਕੁੱਝ ਬਣਾਇਆ ਹੋਇਆ ਹੈ। ਜਿਸ ਨੇ ਸਾਨੂੰ ਧਰਤੀ 'ਤੇ ਭੇਜਿਆ ਹੈ, ਉਸ ਨੇ ਸਾਡਾ ਕੋਈ ਹੀਲਾ-ਵਸੀਲਾ ਵੀ ਕਰ ਦੇਣ ਹੈ। ਪਰ ਸਾਨੂੰ ਕਰਮ ਕਰਨਾ ਪਵੇਗਾ। ਦਿਲ ਲਗਾ ਕੇ ਮਿਹਨਤ ਕਰਨੀ ਪਵੇਗੀ ਤਦ ਹੀ ਅਸੀਂ ਮੰਜ਼ਲ ਵੱਲ ਆਪਣੇ ਕਦਮ ਵਧਾ ਸਕਾਂਗੇ। ਇਹ ਨਹੀਂ ਕਿ ਸਾਨੂੰ ਪੱਕੀ ਪਕਾਈ ਖਿਚੜੀ ਜਾਂ ਕੋਈ ਥਾਲੀ ਪਰੋਸ ਕੇ ਸਾਡੇ ਸਾਹਮਣੇ ਰੱਖ ਦੇਵੇਗਾ। ਦੇਖੋ ਮਿਹਨਤ ਤਾਂ ਕਰਨੀ ਹੀ ਪਵੇਗੀ। ਬਿਨਾਂ ਕਰਮ ਕੀਤੇ ਕੁੱਝ ਵੀ ਨਹੀ ਮਿਲਦਾ। ਕਦੇ ਵੀ ਨਿਰਾਸ਼ ਨਾ ਹੋਵੋ। ਆਪਣਾ ਦਿਲ ਕਦੇ ਛੋਟਾ ਨਾ ਕਰੋ। ਤੁਸੀਂ ਇਹ ਸੋਚੋ ਕਿ ਪਰਮਾਤਮਾ ਨੇ ਸਾਡੇ ਲਈ ਬਹੁਤ ਵਧੀਆ ਰੱਖਿਆ ਹੋਇਆ ਹੈ। ਹਰ ਦਿਨ ਸਾਡੇ ਲਈ ਕੁੱਝ ਨਾ ਕੁੱਝ ਲੈ ਕੇ ਆਉਂਦਾ ਹੈ। ਹਮੇਸ਼ਾਂ ਜ਼ਿੰਦਗੀ 'ਚ ਖੁਸ਼ ਰਹਿਣਾ ਸਿੱਖੀਏ। ਜਿੰਨਾ ਵੀ ਸਾਡੇ ਕੋਲ ਹੈ, ਉਸ ਵਿੱਚ ਸਬਰ ਸੰਤੋਖ ਰੱਖੀਏ।

ਨਿਮਰਤਾ, ਪਿਆਰ, ਸਤਿਕਾਰ, ਸਹਿਣਸ਼ੀਲਤਾ ਜ਼ਿੰਦਗੀ ਵਿੱਚ ਬਹੁਤ ਜ਼ਰੂਰੀ ਹਨ। ਕਦੇ ਵੀ ਗੁੱਸੇ ਨਾ ਹੋਵੋ। ਚਲੋ ਜੇ ਕਦੇ ਗੁੱਸਾ ਆ ਵੀ ਜਾਵੇ ਤਾਂ ਘਰ ਵਿੱਚ ਕਲੇਸ਼ ਖੜ੍ਹਾ ਨਾ ਕਰੋ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ। ਜੇ ਕਦੇ ਘਰਦਿਆਂ ਨਾਲ ਮਨ-ਮੁਟਾਵ ਹੋ ਵੀ ਜਾਂਦਾ ਹੈ ਤਾਂ ਕਿਤੇ ਪਾਰਕ ਵਿੱਚ ਚਲੇ ਜਾਓ, ਕਿਸੇ ਮਾਲ ਵਿੱਚ ਜਾਓ, ਸੈਰ 'ਤੇ ਨਿਕਲ ਜਾਓ। ਕਹਿਣ ਦਾ ਭਾਵ ਕਿ ਇਹ ਜ਼ਿੰਦਗੀ ਸਾਨੂੰ ਦੁਬਾਰਾ ਨਹੀਂ ਮਿਲਣੀ। ਸਾਨੂੰ ਹੱਸ ਖੇਡ ਕੇ ਹੀ ਇਸ ਨੂੰ ਗੁਜ਼ਾਰਨਾ ਚਾਹੀਦਾ ਹੈ। ਪੱਤਝੜ ਪਿੱਛੋਂ ਬਸੰਤ ਰੁੱਤ ਦਾ ਆਉਣਾ ਲਾਜ਼ਮੀ ਹੈ।

.......continued from page 13

3. S. Tekpal Singh Faridabad Rs. 15,000
4. S. Manjit Singh Pabla -Sqdn. Leader (Retd.) Chandigarh Rs. 10,000
5. S. Amrik Singh (Retd. Xen.) Ranjit Avenue, Rupnagar Rs. 6,000
6. S. Sukhpal Singh S/o. S. Inderjit Singh Vill. Khanpur, Distt. Rupnagar Rs. 6000/-

The administrators of Saini Bhawan Rupnagar are thankful to these donors.

ਸੈਰ ਸਪਾਟਾ

# ਕੁਦਰਤ ਦੇ ਸੁਹੱਪਣ ਦੀ ਸਿਖਰ - ਸਾਂਗਲਾ ਵੈਲੀ

ਡਾ.ਅਜਮੇਰ ਸਿੰਘ



ਕਾਦਰ ਦੀ ਸਾਰੀ ਰਚਨਾ ਸੁੰਦਰਤਾ ਦੀ ਅਦੁੱਤੀ ਮਿਸਾਲ ਹੈ। ਭਾਰਤ ਦੇਸ਼ ਕੁਦਰਤ ਦੀਆਂ ਨਿਹਮਤਾਂ ਨਾਲ ਸਰਸ਼ਾਰ ਹੈ। ਇਸ ਦੇ ਬਰਫਾਂ ਲੱਦੇ ਅਕਾਸ਼ ਛੂੰਹਦੇ ਪਹਾੜ, ਉੱਚੇ ਦਰਖਤਾਂ ਵਾਲੇ ਸੰਘਣੇ ਜੰਗਲ, ਕਲਕਲ ਵਗਦੇ ਦਰਿਆ ਅਤੇ ਬਹੁਮੁੱਲੇ ਉਪਜਾਊ ਮੈਦਾਨ ਵਿਸ਼ੇਸ਼ ਖਿੱਚ ਰਖਦੇ ਹਨ। ਇਨ੍ਹਾਂ ਕੁਦਰਤੀ ਨਜ਼ਾਰਿਆਂ ਨੂੰ ਮਾਨਣ ਲਈ ਘਰ ਦੀ ਚਾਰਦੀਵਾਰੀ ਤੋਂ ਬਾਹਰ ਝਾਕਣਾ ਪੈਂਦਾ ਹੈ। ਮੈਨੂੰ ਅਜਿਹਾ ਇੱਕ ਕ੍ਰਿਸ਼ਮਈ ਰਮਣੀਕ ਸਥਾਨ ਦੇਖਣ ਦਾ ਸੁਨਹਿਰੀ ਮੌਕਾ ਸਾਲ 2022 ਦੇ ਜੂਨ ਮਹੀਨੇ ਦੇ ਪਹਿਲੇ ਹਫਤੇ ਨਸੀਬ ਹੋਇਆ। ਇਹ ਸਥਾਨ ਸੀ, ਹਿਮਾਚਲ ਪ੍ਰਦੇਸ਼ ਦੇ ਸੀਮਾਵਰਤੀ ਜ਼ਿਲ੍ਹਾ ਕਿੰਨੌਰ ਵਿੱਚ ਸ਼ਿਮਲਾ ਤੋਂ 240 ਕਿਲੋਮੀਟਰ ਉੱਤਰ ਵੱਲ ਸਥਿਤ ਸਾਂਗਲਾ ਵੈਲੀ। ਇਸ ਦੇ ਪੂਰਬ ਵਿੱਚ ਤਿੱਬਤ (ਚੀਨ) ਅਤੇ ਦੱਖਣ ਵਿੱਚ ਉੱਤਰਾਖੰਡ ਦਾ ਗੜ੍ਹਵਾਲ ਇਲਾਕਾ ਪੈਂਦਾ ਹੈ ਸਤਲੁਜ ਦਰਿਆ ਦੀ ਮੁੱਖ ਸ਼ਾਖਾ, ਬਾਸਪਾ ਨਦੀ ਦੇ ਆਸਪਾਸ ਸਥਿਤ ਅਤੇ ਸੇਬਾਂ ਦੇ ਬਾਗਾਂ ਨਾਲ ਭਰਪੂਰ ਇਸ ਸੁਪਨਮਈ ਖੇਤਰ ਦੀ ਯਾਤਰਾ ਮੇਰੇ ਲਈ ਯਾਦਗਾਰੀ ਬਣ ਗਈ ਹੈ।

ਰੋਪੜ ਸ਼ਹਿਰ ਦੇ ਯੂਨੀਕ ਐਡਵੈਂਚਰ ਕਲੱਬ ਦੇ 30 ਮੈਂਬਰ ਜਿਨ੍ਹਾਂ ਵਿੱਚੋ 4 ਚੰਡੀਗੜ੍ਹ, 9 ਹਰਿਆਣਾ ਰਾਜ ਅਤੇ 2 ਪੂਨਾ ਦੇ ਸਨ, ਆਪਣੇ ਨਿਰਦੇਸ਼ਕ ਸ. ਬਿਕਰਮਜੀਤ ਸਿੰਘ ਕੋਚ ਦੀ ਅਗਵਾਈ ਵਿੱਚ 1 ਜੂਨ ਨੂੰ ਦਿਨੇ 12 ਵਜੇ ਇਕ ਬੱਸ ਵਿੱਚ ਇੱਥੋਂ ਰਵਾਨਾ ਹੋਏ ਅਤੇ 9 ਕੁ ਵਜੇ ਰਾਤ ਨੂੰ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਸਥਾਨ ਚੈਲ ਤੋਂ 17 ਕਿਲੋਮੀਟਰ ਦੂਰ ਇਕ ਸੰਘਣੇ ਜੰਗਲ ਵਿੱਚ ਪਹਾੜੀ 'ਤੇ ਸਥਿਤ ਹੋਟਲ,'ਨੇਚਰਜ਼ ਨੈਸਟ' ਵਿੱਚ ਜਾ ਬਿਰਾਜੇ। ਉਚਾਈ 'ਤੇ ਹੋਣ ਕਾਰਨ ਮੌਸਮ ਠੰਢਾ ਅਤੇ ਸੁਹਾਵਣਾ ਸੀ। ਇੱਥੇ ਇਸ ਦਾ ਸ਼ਾਂਤ ਆਲਾਦੁਆਲਾ ਮਨ ਨੂੰ ਸ਼ਾਤੀ ਬਖਸ਼ਦਾ ਸੀ। ਅਗਲੇ ਦਿਨ ਅਸੀਂ ਕੁਫਰੀ, ਫੱਗੂ, ਥਿਓਗ, ਮਟਿਆਣਾ, ਨਾਰਕੰਡਾ ਤੋਂ ਹੁੰਦੇ ਹੋਏ 7 ਕੁ ਕਿਲੋਮੀਟਰ ਦੂਰ ਤੰਗ ਰਸਤੇ ਰਾਹੀਂ ਟੈਕਸੀਆਂ ਵਿੱਚ ਸਵਾਰ ਹੋ ਕੇ 'ਗੁਪਤਵਾਸ' ਹੋਟਲ ਵਿੱਚ ਪਹਾੜੀ ਸਥਾਨ 'ਤੇ ਪੁੱਜ ਗਏ। ਇਹ ਸਥਾਨ 11500 ਫੁੱਟ ਦੀ ਉਚਾਈ 'ਤੇ ਹੋਣ ਕਾਰਨ ਬਹੁਤ ਠੰਢਾ ਅਤੇ ਰਮਣੀਕ ਸੀ। ਕਿਹਾ ਜਾਂਦਾ ਹੈ ਕਿ ਇਸ ਇਕਾਂਤ ਇਲਾਕੇ ਵਿੱਚ ਮਹਾਂਭਾਰਤ ਸਮੇਂ ਪਾਂਡਵ ਭਰਾ ਆਪਣੇ ਇਕ ਸਾਲ ਦੇ ਗੁਪਤਵਾਸ ਦੌਰਾਨ ਘੁੰਮਦੇ ਰਹੇ ਸਨ। ਇੱਥੇ ਅਸੀਂ ਵਾਲੀਬਾਲ ਖੇਡ ਕੇ ਅਤੇ ਹੋਰ ਸਰੀਰਕ ਅਭਿਆਸ ਕਰ ਕੇ ਮਨੋਰੰਜਨ ਕੀਤਾ। ਇੱਥੋਂ ਦੂਰ ਦੂਰ ਤੱਕ ਪਾਲੀਥੀਨ ਦੇ ਜਾਲੀਦਾਰ ਕੱਪੜੇ ਨਾਲ ਢੱਕੇ ਸੇਬਾਂ ਦੇ ਦਰਖਤ ਵਿਖਾਈ ਦਿੰਦੇ ਸਨ। ਅਗਲੇ ਦਿਨ ਸਵੇਰੇ ਹੀ 2 ਕੁ ਕਿਲੋਮੀਟਰ ਦੂਰ ਇੱਕ ਹੋਰ ਉੱਚੀ ਪਹਾੜੀ 'ਤੇ ਸਥਿਤ 'ਹਤੂ ਮਾਤਾ ਮੰਦਰ' ਦੇਖਣ ਗਏ। ਲੱਕੜ ਨਾਲ ਬਣਿਆਂ ਇਹ ਮੰਦਰ ਸੁੰਦਰ ਅਤੇ ਸਾਫਸੁਥਰਾ ਸੀ ਪਰ ਕਿਸੇ ਲਿਖਤੀ ਜਾਂ ਜੁਬਾਨੀ ਸਾਧਨ ਤੋਂ ਇਸ ਦਾ ਇਤਿਹਾਸ ਪਤਾ ਨਹੀਂ ਲਗ ਸਕਿਆ।

ਇੱਕ ਰਾਤ ਇੱਥੇ ਰਹਿ ਕੇ ਅਸੀਂ ਅਗਲੇ ਦਿਨ ਸਾਂਗਲਾ ਵੈਲੀ ਲਈ ਚੱਲ ਪਏ। ਇਸ ਦੇ ਰਸਤੇ ਵਿੱਚ ਸ਼ਿਮਲਾ ਜ਼ਿਲ੍ਹੇ ਦੇ ਨਾਰਕੰਡਾ, ਨਿਰਥ, ਦੱਤਨਗੜ੍ਹ, ਰਾਮਪੁਰ ਬੁਸ਼ੈਹਰ ਅਤੇ ਝਾਖੜੀ ਕਸਬੇ ਆਏ। ਇੱਥੇ ਸਤਲੁਜ ਦਰਿਆ 'ਤੇ ਨਾਥਪਾ-ਝਾਖੜੀ ਹਾਈਡਰੋਇਲੈਕਟ੍ਰਿਕ ਪਲਾਂਟ ਹੈ। ਇਸ ਤੋਂ ਅੱਗੇ ਤਾਪਰੀ ਤੋਂ ਜ਼ਿਲ੍ਹਾ ਕੰਨੌਰ ਸ਼ੁਰੂ ਹੋ ਗਿਆ। ਇਸ ਸੜਕ ਦੇ ਇੱਕ ਪਾਸੇ ਬਹੁਤ ਉੱਚੇ ਪਹਾੜ ਅਤੇ ਦੂਜੇ ਪਾਸੇ ਬਸਪਾ ਨਦੀ ਪੈਂਦੀ ਹੈ। ਰਸਤੇ ਵਿੱਚ ਕਈ ਛੋਟੇ ਛੋਟੇ ਜਲ ਬਿਜਲੀ ਪ੍ਰਾਜੈਕਟ ਦੇਖਣ ਨੂੰ ਮਿਲੇ ਜਿਨ੍ਹਾਂ ਵਿੱਚ ਉੱਚੇ ਪਹਾੜਾਂ ਤੋਂ ਬਰਫ ਪਿਘਲ ਕੇ ਆ ਰਹੇ ਪਾਣੀ ਨੂੰ ਪਾਈਪ ਰਾਹੀਂ ਟਰਬਾਈਨ 'ਤੇ ਪਾ ਕੇ ਬਿਜਲੀ ਬਣਾਈ ਜਾ ਰਹੀ ਸੀ। ਇਸ ਤੋਂ ਅੱਗੇ ਜੇ ਐਸ ਡਬਲਿਊ ਕੰਪਨੀ ਦਾ 'ਕਰਚਮ ਵਾਂਗਛੂ ਹਾਈਡਰੋਇਲੈਕਟ੍ਰਿਕ ਪਾਵਰ ਪਲਾਂਟ' ਆਇਆ। ਇੱਥੋਂ ਹੀ ਸਾਂਗਲਾ ਵੈਲੀ ਸ਼ੁਰੂ ਹੋ ਜਾਂਦੀ ਹੈ ਜੋ ਬਤਸੇਰੀ ਅਤੇ ਛਿਤਕੁਲ ਪਿੰਡਾਂ ਵਿਚਕਾਰ ਹੈ। ਅਸੀਂ ਕਰਚਮ ਤੋਂ 22 ਕਿਲੋਮੀਟਰ ਅਤੇ ਸ਼ਾਂਗਲਾ ਕਸਬੇ ਤੋਂ 7 ਕਿਲੋਮੀਟਰ ਦੂਰ ਬਸਪਾ ਨਦੀ ਦੇ ਕਿਨਾਰੇ 'ਐਪਲ ਆਰਚਰਡ,ਫਾਰਮ ਅਤੇ ਕੈਂਪਿੰਗ' ਨਾਮ ਦੇ ਟੈਂਟ ਹੋਟਲ ਵਿੱਚ ਸ਼ਾਮ ਦੇ 7 ਵਜੇ ਪੁੱਜ ਗਏ। ਇਹ ਸੇਬਾਂ ਦੇ ਦਰਖਤਾਂ ਵਿਚਕਾਰ ਖਾਲੀ ਥਾਵਾਂ 'ਚ ਟੈਂਟ ਲਗਾ ਕੇ ਟੂਰਿਸਟਾਂ ਲਈ ਮਨਮੋਹਕ ਰਿਹਾਇਸ਼ ਬਣਾਈ ਹੋਈ ਹੈ। ਸਾਰੀ ਰਾਤ ਨਦੀ ਦੇ ਪਾਣੀ ਦੀ ਕਲਕਲ ਮਨ ਨੂੰ ਸੰਗੀਤ ਨਾਲ ਭਰਦੀ ਹੈ। ਇਹ ਬਹੁਤ ਹੀ ਰਮਣੀਕ, ਸ਼ਾਂਤ ਅਤੇ ਸੁਹਾਵਣਾ ਸਥਾਨ ਹੈ ਜਿੱਥੇ ਉੱਚੇ ਪਹਾੜ ਦੇ ਨਾਲ ਨਾਲ ਬਸਪਾ ਨਦੀ ਵਗਦੀ ਹੈ। ਇਸ ਦਾ ਬਰਫ ਵਾਲਾ ਪਾਣੀ ਅਤਿ ਨਿਰਮਲ ਅਤੇ ਠੰਢਾ ਹੈ। ਇਹ ਬਤਸੇਰੀ ਪਿੰਡ ਦੀ ਜ਼ਮੀਨ ਵਿੱਚ ਪੈਂਦਾ ਹੈ। ਇਸ ਦੀ ਸਮੁੰਦਰ ਤੋਂ ਉਚਾਈ 8900 ਫੁੱਟ ਹੈ। ਇੱਥੇ ਰਾਤ ਦਾ ਤਾਪਮਾਨ 15-16 ਡਿਗਰੀ ਰਹਿੰਦਾ ਹੈ ਜਿਸ ਕਰਕੇ ਦੋ-ਦੋ ਕੰਬਲਾਂ ਦੀ ਲੋੜ ਪੈਂਦੀ ਹੈ।

ਅਗਲੇ ਦਿਨ ਅਸੀਂ ਛਿਤਕੁਲ ਪਿੰਡ ਦੇਖਣ ਚੱਲ ਪਏ। ਇਹ ਰਾਸਤਾ ਬਹੁਤ ਤੰਗ ਅਤੇ ਉਧੜਾ-ਖੁਧੜਾ ਸੀ। ਇਕ ਪਾਸੇ ਡੂੰਘੀ ਬਸਪਾ ਨਦੀ ਅਤੇ ਦੂਜੇ ਪਾਸੇ ਅਤਿ ਉੱਚੇ ਪਥਰੀਲੇ ਪਹਾੜ ਸਨ। ਸੜਕ ਬਣਾਉਣ ਸਮੇਂ ਪਹਾੜਾਂ ਨੂੰ ਤੋੜਨ ਕਰਕੇ ਇਨ੍ਹਾਂ ਵਿੱਚ ਤ੍ਰੇੜਾਂ ਆਈਆਂ ਹੋਈਆਂ ਸਨ ਜਿਸ ਕਾਰਨ ਇਹ ਪਹਾੜ ਬਹੁਤ ਖਤਰਨਾਕ ਜਾਪਦੇ ਹਨ। ਇਸ ਰਸਤੇ ਦੇ ਅੱਧ ਵਿੱਚ ਰਕਸ਼ਮ ਸਥਾਨ ਆਇਆ ਜਿੱਥੇ ਕਾਫੀ ਰਿਹਾਇਸ਼ੀ ਮਕਾਨ ਬਣੇ ਦਿਖਾਈ ਦਿੱਤੇ ਜਿਸ ਬਾਰੇ

ਪਤਾ ਲੱਗਾ ਕਿ ਇੱਥੇ ਫਿਲਮਾਂ ਦੀ ਸ਼ੂਟਿੰਗ ਕੀਤੀ ਜਾਂਦੀ ਹੈ। 12 ਕੁ ਵਜੇ ਅਸੀਂ 11000 ਫੁੱਟ ਦੀ ਉਚਾਈ 'ਤੇ ਸਥਿਤ ਪਿੰਡ ਛਿਤਕੁਲ ਪਹੁੰਚ ਗਏ। ਇਹ ਤਿੱਬਤ ਵਾਲੇ ਬਾਰਡਰ 'ਤੇ ਭਾਰਤ ਦਾ ਆਖਰੀ ਪਿੰਡ ਹੈ। ਇੱਥੇ ਸੈਲਾਨੀਆਂ ਦੇ ਰਹਿਣ ਲਈ ਕੈਂਪ ਬਣੇ ਹੋਏ ਹਨ। ਇੱਥੇ ਹੀ ਜਲੰਧਰ ਜ਼ਿਲ੍ਹੇ ਦੇ ਕਸਬਾ ਕਰਤਾਰਪੁਰ ਦੀ ਇੱਕ ਪੜ੍ਹੀ ਲਿਖੀ ਲੜਕੀ ਨਾਲ ਮੁਲਾਕਾਤ ਹੋਈ ਜਿਸ ਨੇ ਆਪਣੇ ਪਤੀ ਦੀ ਸਹਾਇਤਾ ਨਾਲ ਇੱਥੇ ਟੈਂਟਾਂ ਵਾਲਾ ਹੋਟਲ ਬਣਾਇਆ ਹੋਇਆ ਹੈ। ਆਲੇ ਦੁਆਲੇ ਬਹੁਤ ਉੱਚੇ ਪਹਾੜਾਂ 'ਤੇ ਬਰਫ ਪਈ ਹੋਈ ਸੀ। ਇਸ ਤੋਂ ਅੱਗੇ 85 ਕਿਲੋਮੀਟਰ ਤੱਕ ਕੋਈ ਆਬਾਦੀ ਨਹੀਂ ਜਿੱਥੇ ਸਿਰਫ ਸੀਮਾ ਸੁਰੱਖਿਆ ਬਲ ਤਾਇਨਾਤ ਹੈ। ਇੱਥੇ ਜਾਣ ਲਈ ਫੌਜੀ ਅਧਿਕਾਰੀਆਂ ਤੋਂ ਆਗਿਆ ਲੈਣੀ ਪੈਂਦੀ ਹੈ। ਸਰਦੀਆਂ ਦੇ ਮਹੀਨਿਆਂ ਵਿੱਚ ਇਹ ਵੈਲੀ ਬਰਫ ਨਾਲ ਢਕੀ ਜਾਂਦੀ ਹੈ ਅਤੇ ਟੂਰ ਕਰਨ ਦੇ ਯੋਗ ਨਹੀਂ ਰਹਿੰਦੀ।

ਅਸੀਂ ਇਸ ਪਿੰਡ ਵਿੱਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ, ਪੁਰਾਣੇ ਲੱਕੜੀ ਦੇ ਬਣੇ ਹੋਏ ਘਰ ਅਤੇ ਇਕ ਮੰਦਰ ਦੇਖਣ ਗਏ। ਵਸੋਂ ਬਹੁਤ ਥੋੜ੍ਹੀ ਹੈ। ਛੋਟਾ ਜਿਹਾ ਬਾਜ਼ਾਰ ਵੀ ਹੈ ਜਿੱਥੇ ਆਮ ਵਰਤੋਂ ਵਾਲੀਆਂ ਚੀਜ਼ਾਂ ਮਿਲਦੀਆਂ ਹਨ। ਇੱਥੇ ਹਿੰਦੂ ਅਤੇ ਬੋਧੀ ਸੱਭਿਆਚਾਰਾਂ ਦਾ ਸੁਮੇਲ ਵੇਖਣ ਵਿੱਚ ਆਉਂਦਾ ਹੈ। ਬਜ਼ੁਰਗ ਲੋਕਾਂ ਦਾ ਰਹਿਣ-ਸਹਿਣ, ਬੋਲੀ ਅਤੇ ਘਰਾਂ ਤੇ ਮੰਦਰ ਦੀ ਬਣਤਰ (ਬੋਧੀ) ਤਿਬਤੀਅਨ ਹੈ ਪਰ ਹੁਣ ਨਵੀਂ ਪੀੜ੍ਹੀ ਪੜ੍ਹ ਲਿਖ ਕੇ ਭਾਰਤੀ ਕਲਚਰ ਨੂੰ ਅਪਨਾ ਰਹੇ ਹਨ। ਇੱਥੇ ਸਥਾਨਿਕ ਲੋੜਾਂ ਲਈ ਮਟਰ ਅਤੇ ਆਲੂਆਂ ਦੀ ਖੇਤੀ ਹੁੰਦੀ ਹੈ। ਇਸੇ ਦਿਨ ਬਤਸੇਰੀ ਵਾਪਸ ਆ ਕੇ ਸ਼ਾਮ ਨੂੰ ਅਸੀਂ ਨਦੀ ਦੀ ਬੀਚ ਦੇ ਰੇਤੇ ਵਿੱਚ ਨੈਟ ਲਗਾ ਕੇ ਵਾਲੀਬਾਲ ਅਤੇ ਹੋਰ ਖੇਡਾਂ ਨਾਲ ਮਨੋਰੰਜਨ ਕੀਤਾ। ਮੁੜਦੇ ਸਮੇਂ ਦਰਿਆ ਨੂੰ ਪਾਰ ਕਰਨ ਲਈ ਤੇਜ਼ ਪਾਣੀ ਵਿੱਚੋਂ ਲੰਘਣਾ ਇੱਕ ਨਵਾਂ ਹੀ ਤਜ਼ੁਰਬਾ ਸੀ। ਅਗਲੇ ਦਿਨ ਸਵੇਰੇ ਸਭ ਨੇ ਇਕੱਠਿਆਂ ਹੀ ਅਕਾਲਪੁਰਖ ਦੀ ਬੰਦਨਾ ਕੀਤੀ ਅਤੇ ਯੋਗ ਕਿਰਿਆਵਾਂ ਨਾਲ ਸਰੀਰ ਨੂੰ ਚੁਸਤ ਕੀਤਾ। ਫਿਰ ਅਸੀਂ ਬਤਸੇਰੀ ਪਿੰਡ ਵਿੱਚ ਸਥਿਤ ਪੁਰਾਤਨ 'ਸ਼੍ਰੀ ਬਦਰੀ ਨਰਾਇਣ ਮੰਦਰ' ਦੇਖਣ ਗਏ। ਇਹ ਬੋਧੀ ਕਿਸਮ ਦਾ ਲੱਕੜ ਦਾ ਬਣਿਆ ਹੋਇਆ ਮੰਦਰ ਹੈ। ਇੱਥੇ ਹੀ ਇਸ ਪਿੰਡ ਦੇ ਵਸਨੀਕ 27 ਸਾਲ ਦੇ ਨੌਜਵਾਨ ਅਮਿਤ ਕੁਮਾਰ ਨੇਗੀ ਨਾਲ ਮੁਲਾਕਾਤ ਹੋਈ ਜਿਸ ਨੇ 2021 ਵਿੱਚ ਮਾਊਂਟ ਐਵਰੈਸਟ ਚੋਟੀ 'ਤੇ ਚੜ੍ਹਨ ਵਿੱਚ ਸਫਲਤਾ ਹਾਸਲ ਕੀਤੀ ਸੀ। ਉਹ ਇੱਕ ਨਿਮਨ ਵਰਗ ਦੇ ਪਰਿਵਾਰ ਨਾਲ ਸਬੰਧਿਤ ਹੈ ਜਿਸ ਦਾ ਪਿਤਾ ਇਸ ਪਿੰਡ ਵਿੱਚ ਹੀ ਛੋਟੀ ਜਿਹੀ ਦੁਕਾਨ ਕਰਦਾ ਹੈ। ਉਸ ਨੇ ਆਪਣੀ ਘਾਲਣਾ ਨੂੰ ਵਿਸਥਾਰਸਹਿਤ ਬਿਆਨ ਕਰਦਿਆਂ ਦੱਸਿਆ ਕਿ ਸਾਧਾਰਨ ਪਰਿਵਾਰ ਦੇ ਬੱਚੇ ਨੂੰ ਉਪਰ ਉੱਠਣ ਲਈ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਬਾਵਜ਼ੂਦ ਉਹ ਹੌਸਲਾ ਨਹੀਂ ਹਾਰਿਆ ਅਤੇ ਅਜੇ ਵੀ ਸੰਘਰਸ਼ ਕਰ ਰਿਹਾ ਹੈ।



ਸਾਂਗਲਾ ਕਸਬੇ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਕਾਮਰਾ ਪਿੰਡ ਹੈ ਜਿੱਥੇ ਰਾਜਸੀ ਬੁਸ਼ੈਹਰ ਬੰਸ ਦਾ ਕੋਠੀਨੁਮਾ ਕਿਲਾ ਹੈ। ਇਸ ਦਾ ਕੇਵਲ ਕੁੱਝ ਭਾਗ ਹੀ ਆਮ ਲੋਕਾਂ ਨੂੰ ਦੇਖਣ ਦੀ ਆਗਿਆ ਹੈ। ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਇਸ ਬੰਸ ਦੇ ਉੱਤਰਾਧਿਕਾਰੀ ਹਨ ਅਤੇ ਇਹ ਪਰਿਵਾਰ ਹੀ ਕਿਲੇ ਦੇ ਅੰਦਰ ਜਾ ਸਕਦਾ ਹੈ। ਇੱਥੇ ਹੀ ਪੰਦਰਹਵੀਂ ਸਦੀ ਦਾ ਪੁਰਾਣਾ 'ਬਦਰੀ ਨਰਾਇਣ ਮੰਦਰ' ਅਤੇ 'ਕਾਮਖਿਆ ਦੇਵੀ ਮੰਦਰ' ਹੈ। ਇੱਥੋਂ 6-7 ਕਿਲੋਮੀਟਰ ਦੂਰ ਪਹਾੜੀ ਚੋਟੀ 'ਤੇ ਇੱਕ ਝੀਲ ਵੀ ਹੈ ਜੋ ਕਿ ਇਸ ਸਮੇਂ ਸੁੱਕੀ ਪਈ ਹੈ ਜਿਸ ਕਾਰਨ ਸੈਲਾਨੀਆਂ ਦੀ ਖਿਚ ਦਾ ਕੇਂਦਰ ਨਹੀ ਰਹੀ। ਅਸੀਂ ਹਰ ਸ਼ਾਮ ਭੰਗੜਾ ਤੇ ਗਿੱਧਾ ਪਾਉਂਦਿਆਂ ਅਤੇ ਗਾਉਂਦਿਆਂ-ਵਜਾਉਂਦਆਂ ਬਿਤਾਈ। ਇਸ ਪ੍ਰਕਾਰ ਹੱਸਦਿਆਂ-ਖੇਡਦਿਆਂ ਤਿੰਨ ਦਿਨ ਸਾਂਗਲਾ ਵੈਲੀ ਵਿੱਚ ਬਿਤਾ ਕੇ ਅਸੀਂ ਨਿੱਘੀਆਂ ਯਾਦਾਂ ਸੰਭਾਲ ਕੇ ਆਪਣੇ ਘਰਾਂ ਨੂੰ ਵਾਪਸ ਆ ਗਏ।

ਇਹ ਟੂਰ ਕਿਸੇ ਧਾਰਮਿਕ ਯਾਤਰਾ ਜਾਂ ਨਿਜੀ ਮਨੋਰੰਜਨ ਤੋਂ ਵੱਖਰਾ ਸੀ। ਇਸ ਵਿੱਚ ਜਿੱਥੇ ਸਰੀਰ ਨੂੰ ਅਰੋਗ ਰੱਖਣ ਲਈ ਕਿਰਿਆਵਾਂ ਸ਼ਾਮਲ ਸਨ ਉੱਥੇ ਦਿਮਾਗ ਅਤੇ ਮਨ ਨੂੰ ਚੁਸਤ ਕਰਨ ਲਈ ਮਨੋਰੰਜਕ ਤੇ ਬੌਧਿਕ ਗਤੀਵਿਧੀਆਂ ਵੀ ਨਾਲੋਨਾਲ ਚੱਲਦੀਆਂ ਸਨ। ਹਾਸਾ-ਠੱਠਾ ਲਗਾਤਾਰ ਮਨ ਨੂੰ ਤਾਜ਼ਗੀ ਦਿੰਦਾ ਰਿਹਾ। ਸਭ ਤੋਂ ਵੱਧ ਇਸ ਟੂਰ ਨੇ ਆਪਸੀ ਸਹਿਯੋਗ, ਸਹਿਨਸ਼ੀਲਤਾ ਅਤੇ ਉਸਾਰੂ ਸੋਚ ਦੀ ਸਿੱਖਿਆ ਪ੍ਰਦਾਨ ਕੀਤੀ। ਇਸ ਸਮੇਂ ਆਪਣੇ ਘਰਾਂ ਦੀਆਂ ਬੇਲੋੜੀਆਂ ਚਿੰਤਾਵਾਂ ਤੋਂ ਦੂਰ ਕੁਦਰਤ ਦੀ ਵਿਸ਼ਾਲਤਾ, ਸਹਿਜਤਾ ਅਤੇ ਅਨੰਤਤਾ ਦੇ ਦਰਸ਼ਨ ਕਰਨ ਦਾ ਸੁਭਾਗ ਹਾਸਲ ਹੋਇਆ। ਅਸਲੀ ਅਰਥਾਂ ਵਿੱਚ ਇਹ ਸਿੱਖਿਆ ਟੂਰ ਸੀ। ਸਾਲ ਵਿੱਚ ਘੱਟੋ ਘੱਟ ਇਕ ਵਾਰ ਲਾਜ਼ਮੀ ਅਜਿਹੇ ਟੂਰ 'ਤੇ ਜਾਣਾ ਲਾਭਕਾਰੀ ਹੈ।

❊ ❊ ❊ ❊ ❊

ਮਨੁੱਖੀ ਲੋੜਾਂ ਪੂਰੀਆਂ ਕਰਨ ਲਈ ਤਾਂ ਕੁਦਰਤ ਪਾਸ ਸਾਧਨ ਹਨ ਪਰ ਮਨੁੱਖ ਦੇ ਲਾਲਚ ਨੂੰ ਪੂਰਾ ਕਰਨ ਦੀ ਸਮਰੱਥਾ ਇਸ ਕੋਲ ਨਹੀਂ ਹੈ।

ਵਾਤਾਵਰਨਕ ਵਿਗਾੜ

ਵਿਜੈ ਬੰਬੇਲੀ

## ਧਰਤੀ ਦੀ ਵੇਦਨਾ

ਧਰਤੀ ਦਾ ਜਨਮ ਚਾਰ ਅਰਬ ਸਾਲ ਪਹਿਲਾਂ ਹੋਇਆ। ਅਗਲੇ ਢਾਈ ਅਰਬ ਸਾਲ ਇਸ ਉੱਤੇ ਅਨੇਕਾਂ ਝੱਖੜ ਝੁੱਲੇ, ਭੂਚਾਲ ਆਉਂਦੇ ਰਹੇ, ਜਵਾਲਾਮੁਖੀ ਫਟਦੇ ਰਹੇ। ਕਈ ਵਾਰ ਹਜ਼ਾਰਾਂ ਸਾਲ ਲਗਾਤਾਰ ਬਾਰਸ਼ ਹੁੰਦੀ ਰਹੀ ਤੇ ਗਰਭ ਵਿਚ ਉੱਠਦੇ ਤੂਫਾਨਾਂ ਅਤੇ ਉਥਲ-ਪੁਥਲ ਨੇ ਇਸ ਦੀ ਸਤਹਿ ਉੱਤੇ ਪਹਾੜਾਂ, ਘਾਟੀਆਂ, ਸਮੁੰਦਰਾਂ ਅਤੇ ਮੈਦਾਨਾਂ ਨੂੰ ਜਨਮ ਦਿੱਤਾ। ਧਰਤੀ ਦੇ ਵਾਯੂਮੰਡਲ ਵਿਚ ਪਾਣੀ ਦਾ ਵਾਸ਼ਪਾਂ ਅਤੇ ਕਈ ਕਿਸਮ ਦੀਆਂ ਗੈਸਾਂ ਦਾ ਬੋਲਬਾਲਾ ਹੋਇਆ ਪਰ ਇਹ ਆਕਸੀਜਨ ਤੋਂ ਕਾਫੀ ਸੱਖਣੀ ਸੀ। ਫਿਰ ਡੇਢ ਕੁ ਅਰਬ ਸਾਲ ਪਹਿਲਾਂ ਧਰਤੀ ਦੀ ਸਤਹਿ ਉੱਤੇ ਜ਼ਿੰਦਗੀ ਧੜਕੀ। ਪਹਿਲਾਂ-ਪਹਿਲ ਸੂਖਮ ਪੌਦੇ ਬੈਕਟੀਰੀਆ ਤੇ ਪ੍ਰੋਟੋਜ਼ੋਆ ਆਦਿ ਮਗਰੋਂ ਲੰਮੀ ਕੁਦਰਤੀ ਕਿਰਿਆ- ਪ੍ਰਕਿਰਿਆ ਤਹਿਤ ਜੀਵ-ਜੰਤੂ ਤੇ ਫਿਰ ਮਨੁੱਖ ਪੈਦਾ ਹੋ ਗਏ।

ਮਨੁੱਖ ਕੁਦਰਤ ਦੇ ਵਿਕਾਸ ਦਾ ਕ੍ਰਿਸ਼ਮਾ ਹੈ। ਧਰਤੀ ਉੱਤੇ ਇਸ ਦੇ ਜਨਮ ਨੂੰ ਦਸ ਕੁ ਲੱਖ ਸਾਲ ਹੋ ਗਏ ਹਨ। ਸ਼ੁਰੂ- ਸ਼ੁਰੂ ਵਿਚ ਮਨੁੱਖ, ਕੁਦਰਤੀ ਪ੍ਰੰਣਾਲੀ ਦੀ ਸਾਧਾਰਨ ਵੰਨਗੀ ਸੀ। ਕੁਦਰਤੀ ਕਿਰਿਆਵਾਂ-ਪ੍ਰਕਿਰਿਆਵਾਂ ਉਸ ਦੇ ਵਿਹਾਰ ਅਤੇ ਜਨਸੰਖਿਆ ਉੱਤੇ ਡਾਢਾ ਕੰਟਰੋਲ ਰਖਦੀਆਂ ਸਨ। ਇਸੇ ਕਾਰਨ ਧਰਤੀ ਉੱਤੇ ਮਨੁੱਖੀ ਵਸੋਂ ਨੂੰ ਇੱਕ ਅਰਬ ਹੋਣ ਤੀਕ ਲਗਭਗ ਦਹਿ ਲੱਖ ਵਰ੍ਹੇ ਲੱਗੇ। ਫਿਰ ਮਨੁੱਖ ਕੁਦਰਤ ਨੂੰ ਖੁਦ ਕੰਟਰੋਲ ਕਰਨ ਵੱਲ ਤੁਰ ਪਿਆ। ਸਿੱਟਾ, ਮਨੁੱਖ ਦੀ ਗਿਣਤੀ ਇੱਕ ਤੋਂ ਦੋ ਅਰਬ ਅਗਲੇ 100 ਸਾਲਾਂ ਅੰਦਰ ਹੀ ਹੋ ਗਈ ਅਤੇ ਭੌਤਿਕ ਤੇ ਵਿਗਿਆਨਕ ਤਰੱਕੀ ਕਾਰਨ ਚਾਰ ਅਰਬ ਹੋਣ ਵਿਚ ਅੱਧੀ ਸਦੀ ਤੋਂ ਵੀ ਘੱਟ ਸਮਾਂ ਲੱਗਾ।

ਮਨੁੱਖੀ ਇਤਿਹਾਸ ਜੰਗਾਂ, ਜਿੱਤਾ ਅਤੇ ਵੰਸ਼ਾਂ ਦਾ ਇਤਿਹਾਸ ਹੀ ਨਹੀਂ ਬਲਕਿ ਮਨੁੱਖ ਦੀ ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਚੰਡ ਤਾਂਘ ਦਾ ਇਤਿਹਾਸ ਵੀ ਹੈ। ਮਨੁੱਖ ਕੁਦਰਤੀ ਸਰੋਤਾਂ ਨੂੰ ਆਪਣੀਆਂ ਪ੍ਰਾਪਤੀਆਂ ਦੇ ਮੂਲ ਵਜੋਂ ਵਰਤਣਯੋਗ ਹੋ ਚੁੱਕਾ ਹੈ। ਹੁਣ ਇਸ ਨੇ ਆਪਣੀ ਜਨਮਦਾਤੀ ਧਰਤੀ ਦੇ ਕੁਦਰਤੀ ਸਮਤੋਲ ਵਿਚ ਵਿਕਾਸਮਈ ਲਾਲਸਾ ਕਾਰਨ ਡਾਢਾ ਅਸਾਵਾਂਪਨ ਪੈਦਾ ਕਰਕੇ ਸਮੁੱਚੇ ਜੀਵ ਸੰਸਾਰ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਸਮਾਜਿਕ ਤੇ ਆਰਥਿਕ ਖੁਸ਼ਹਾਲੀ ਲਈ ਵਿਕਾਸ ਕਾਰਜਾਂ ਦਾ ਸਥਾਨ ਅਹਿਮ ਤਾਂ ਹੈ ਪਰ ਇਹਨਾਂ ਕਾਰਜਾਂ ਕਾਰਨ ਲੰਮੇ ਅਰਸੇ ਦੇ ਭੈੜੇ ਪ੍ਰਭਾਵਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਸੀਮਤ ਹੋ ਰਹੇ ਵਿਕਾਸ ਕਾਰਜਾਂ ਲਈ ਅਸੀਂ ਕੁਦਰਤੀ ਸਰੋਤ ਹੂੰਝ ਵਰਤ ਤਾਂ ਰਹੇ ਹਾਂ ਪਰ ਇਹਨਾਂ ਦੀ ਭਰਪਾਈ ਕਰਨ ਵਲ ਅਵੇਸਲੇ ਹਾਂ। ਇਸ ਨਿਘਾਰ ਵਿੱਚ ਆਮ ਮਨੁੱਖ ਦੀ ਬਜਾਇ ਸਿਸਟਮ ਦਾ ਦੋਸ਼ ਜ਼ਿਆਦਾ ਹੈ।

ਇਸ ਸਮੇਂ ਕੁਦਰਤ ਦੇ ਨਿਘਾਰ ਦੀਆਂ ਸਮੱਸਿਆਵਾਂ ਮੋਟੇ ਤੌਰ ਤੇ ਦੋ ਤਰ੍ਹਾਂ ਦੀਆਂ ਹਨ। ਇੱਕ, ਕੁਦਰਤੀ ਸਾਧਨਾਂ ਦੇ ਆਧਾਰ 'ਤੇ ਬੁਰੀ ਤਰ੍ਹਾਂ ਖੋਰਾ ਲੱਗਾ ਰਿਹਾ ਹੈ। ਦੂਜੀ, ਮਾਰੂ ਰਹਿੰਦ-ਖੂੰਹਦ ਨੂੰ ਵਿਲੇ ਲਾਉਣ ਲਈ ਕਾਰਗਰ ਵਸੀਲਿਆਂ ਦੀ ਘਾਟ। ਸਮੱਸਿਆ ਦਾ ਪਹਿਲਾਂ ਜੁੱਟ ਪ੍ਰਿਥਵੀ ਦੇ ਜਲ, ਥਲ, ਖਾਣਾਂ ਅਤੇ ਜੰਗਲਾਂ ਦੇ ਨਿਘਾਰ ਦੀ ਕਥਾ ਬਿਆਨਦਾ ਹੈ। ਦੂਸਰਾ, ਹਰ ਸਾਲ ਪ੍ਰਿਥਵੀ 'ਤੇ 10 ਅਰਥ ਟਨ ਕੱਚੇ ਪਦਾਰਥ ਮੁੱਛ ਕੇ ਉਸ ਦਾ 97 ਫੀਸਦੀ ਹਿੱਸਾ ਮੁੜ ਗੰਦਗੀ ਦੇ ਰੂਪ ਵਿੱਚ ਧਰਤੀ ਨੂੰ ਮੋੜ ਦਿੱਤਾ ਜਾਂਦਾ ਹੈ ਜਿਸ ਨੇ ਭੂਗੋਲਿਕ ਮੁਹਾਂਦਰਾ ਹੀ ਨਹੀਂ ਵਿਗਾੜਿਆ ਸਗੋਂ ਮਨੁੱਖ ਇਸ ਦੇ ਮਾਰੂ ਸਿੱਟੇ ਖੁਦ ਵੀ ਭੁਗਤਣ ਲੱਗ ਪਿਆ ਹੈ ਪਰ ਧਨ ਕੁਬੇਰ ਪੱਖੀ ਸਿਆਸਤਦਾਨ ਮੀਸਣੇ ਬਣੀ ਬੈਠੇ ਹਨ।

ਕੁਦਰਤਵਾਦੀ ਡਾ. ਸੋਕੋਲੇਪ ਨੇ ਬਹੁਤ ਪਹਿਲਾਂ ਕਿਹਾ ਸੀ, ਲੋਕਾਂ ਨੂੰ ਇਹ ਜਾਨਣ ਦਾ ਹੱਕ ਹੈ ਕਿ ਉਹ ਕਿਹੋ ਜਿਹਾ ਪਾਣੀ ਪੀਂਦੇ ਹਨ ਅਤੇ ਕਿਹੋ ਜਿਹੀ ਹਵਾ ਵਿਚ ਸਾਹ ਲੈਂਦੇ ਹਨ। ਚੌਗਿਰਦਾ (ਇਕਲੌਜੀ) ਸੰਕਟਾਂ ਨੂੰ ਸਮਝੇ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ। ਚੌਗਿਰਦਾ ਸ਼ਾਸਤਰੀ ਲਿਓਪੋਲਡ ਨੇ ਤਾਂ ਚੌਗਿਰਦੇ ਨੂੰ ਫਿਲਾਸਫੀ ਅਤੇ ਸਾਹਿਤ ਦੇ ਬਰਾਬਰ ਰੱਖਿਆ ਹੈ। "ਇਕਾਲੋਜੀ ਦੀ ਮੁੱਢਲੀ ਧਾਰਨਾ ਇਹ ਹੈ ਕਿ ਧਰਤੀ ਭਾਈਚਾਰਾ ਹੈ। ਇਸ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੀ ਗੱਲ ਹੀ ਸਦਾਚਾਰ ਹੈ"।

ਵਿਗਿਆਨੀ ਦਹਾਕਿਆਂ ਤੋਂ ਚਿਤਾਵਨੀ ਦੇ ਰਹੇ ਹਨ, "ਦੁਨੀਆ ਦੇ ਜਲਵਾਯੂ ਚ ਤਬਦੀਲੀਆਂ ਸ਼ੁਰੂ ਹੋ ਚੁੱਕੀਆਂ ਹਨ ਸਿੱਟੇ ਤਬਹਾਕੁਨ ਹੋਣਗੇ"। ਉਨ੍ਹਾਂ ਅਨੁਸਾਰ "ਕੁਦਰਤ ਬੜੀ ਦਿਆਲੂ ਹੈ ਪਰ ਬੰਦਾ ਸ਼ੁਕਰਗੁਜ਼ਾਰ ਨਹੀਂ"। ਡਾ. ਰਸ਼ਮੀ ਮੁਤਾਬਿਕ ਜਿਹੜੇ ਅਜੇ ਵੀ ਇਹ ਸੋਚਦੇ ਹਨ ਕਿ ਓਜ਼ੋਨ ਪਰਤ ਛਿੱਜਣਾ ਮਹਿਜ਼ ਭਰਮ ਹੈ.... ਜਿਹੜੇ ਇਹ ਚਿਤਵਦੇ ਹਨ ਕਿ ਸ਼ੇਰਾਂ ਚੀਤਿਆਂ ਡੱਡੀਆਂ, ਮੱਛੀਆਂ, ਚਿੜੀਆਂ, ਜਨੌਰਾਂ ਜਾਂ ਪਿੱਪਲਾ ਬੋਹੜਾਂ ਨੂੰ ਹੁਣ ਲੋਪ ਹੋ ਜਾਣਾ ਚਾਹੀਦਾ ਹੈ ਕਿਉਂਕਿ ਮਨੁੱਖ ਲਈ ਅਤੇ ਉਸ ਦੀਆਂ ਸਹੂਲਤਾਂ ਲਈ ਹੋਰ ਤੋ ਹੋਰ ਧਰਤੀ ਦੀ ਲੋੜ ਹੈ ਉਹ ਪ੍ਰਿਥਵੀ ਲਈ ਵਫਾਦਾਰ ਨਹੀਂ। ਉਹਨਾਂ ਦੀ ਬੇਵਫਾਈ ਸਾਰਿਆਂ ਨੂੰ ਲੈ ਬੈਠੇਗੀ"। ਸਮੱਸਿਆ ਇਹ ਹੈ ਕਿ ਜਿਹੜੇ ਲੋਕ ਫਿਕਰਮੰਦ ਹਨ ਉਹ ਸੱਤਾ ਵਿਚ ਨਹੀਂ ਹਨ। ਹਾਲਾਤ ਬਦਤਰ ਹੋ ਰਹੇ ਹਨ।

ਚਿੰਤਕ ਜੂਲੀਅਨ ਹਕਸਲੇ ਮੁਤਾਬਿਕ, "ਧਰਤੀ ਜੀਵੰਤ ਪ੍ਰਣਾਲੀ ਹੈ। ਜਲ ਭੂਮੀ, ਪੌਣ, ਬਨਸਪਤੀ ਅਤੇ ਪ੍ਰਾਣੀ ਸਭ ਇੱਕ ਦੂਜੇ ਉੱਪਰ ਆਧਾਰਤ ਹਨ, ਇੱਕੋ ਤਾਣੇ ਬਾਣੇ ਵਿਚ ਜੁੜੇ ਹੋਏ। ਜੇ ਇਕ ਵੀ ਹਿਲ ਗਿਆ ਤਾਂ ਸਮੁੱਚੀ ਤਾਣੀ

ਉਲਝ ਜਾਵੇਗੀ। ਇਸ ਤਾਣੀ ਨੂੰ ਬੇਰੋਕ ਵਸੋਂ ਵੀ ਉਲਝਾ ਰਹੀ ਹੈ। ਜਲਵਾਯੂ ਬਦਲ ਗਿਆ ਹੈ, ਭੋਜਨ ਉਪਜਾਉਣ ਵਾਲੀ ਮਿੱਟੀ ਦੀਆਂ ਜ਼ਰਖੇਜ਼ ਪਰਤਾਂ ਰੁੜ੍ਹ ਰਹੀਆਂ ਹਨ। ਬੀਤੀ ਸਦੀ ਵਿਚ ਮਨੁੱਖ ਮੂਲ ਸਾਧਨਾਂ- ਕੋਲਾ, ਤੇਲ ਅਤੇ ਹੋਰ ਖਣਿਜਾਂ ਉੱਪਰ ਹੀ ਨਿਰਭਰ ਰਿਹਾ ਹੈ। ਇਨ੍ਹਾਂ ਵਸਤਾਂ ਦੀ ਸਿਰਜਣਾ ਵਿਚ ਕੁਦਰਤ ਨੂੰ ਕਰੋੜਾਂ ਸਾਲ ਲੱਗ ਗਏ ਹਨ ਪਰ ਮਨੁੱਖ ਉਹਨਾਂ ਨੂੰ ਕੁਝ ਕੁ ਪੀੜ੍ਹੀਆਂ ਵਿਚ ਹੀ ਮੁਕਾ ਚਲਿਆ ਹੈ"। ਧੜਵੈਲ ਮੁਲਕਾਂ ਨੇ ਵਿਕਾਸ ਦੇ ਨਾਂ 'ਤੇ ਬੜਾ ਕੁਝ ਹੂੰਝਿਆਂ ਅਤੇ ਲੁੱਟਿਆ ਹੈ। ਇਹ ਅਖੌਤੀ ਵਿਕਾਸ ਧਨ ਕੁਬੇਰਾਂ ਲਈ ਵਰਦਾਨ ਪਰ ਆਮ ਬੰਦੇ ਲਈ ਸਰਾਪ ਹੈ। ਕਿਸੇ ਵੀ ਕੀਮਤ 'ਤੇ ਵਿਕਾਸ ਵਾਲੀ ਧਾਰਨਾ ਗਲਤ ਹੈ।

ਅਸੀਂ ਆਪਣੀ ਸਾਹ ਰਗ- ਨਦੀਆਂ ਤੇ ਜਲ ਕੁੰਡਾ ਤੋਂ ਸੀਵਰੇਜ ਅਤੇ ਡੰਪ ਦਾ ਕੰਮ ਲੈ ਰਹੇ ਹਾਂ। ਸੰਸਾਰ ਦੀ ਸਮਾਜਿਕ ਆਰਥਿਕ ਤੇ ਸਿਆਸੀ ਖੇਤਰ ਦੀ ਸ਼ਕਤੀ, ਪਾਣੀ ਨੂੰ ਮਨੁੱਖ ਹੁਣ ਪਤਾਲਾਂ ਵਿਚੋਂ ਵੀ ਖਿੱਚ ਲਿਆਉਣ ਲਈ ਚਾਂਭਲਿਆ ਫਿਰਦਾ ਹੈ। ਥਾਂ ਥਾਂ ਧਰਤ ਦਾ ਸੀਨਾ ਪਾੜ ਰਹੇ ਬੰਦੇ ਨੂੰ ਸ਼ਾਇਦ ਮਾਰੂ ਸਿੱਟਿਆਂ ਦਾ ਨਹੀਂ ਪਤਾ। ਪਾਣੀ ਅਤੇ ਖਣਿਜਾਂ ਦੀ ਧਰਤੀ ਹੇਠੋਂ ਅੰਧਾਧੁੰਦ ਖਿਚਾਈ ਪੁਟਾਈ ਨਾਲ ਨਾ ਸਿਰਫ਼ ਜਲ ਸੰਕਟ ਹੀ ਉਪਜਿਆ ਸਗੋਂ ਦੇ ਮੁੜ ਭਰਪਾਈ ਨਾ ਹੋਈ ਤਾਂ ਧਰਤੀ ਹੇਠ ਪੈਦਾ ਹੋਣ ਵਾਲੇ ਖਲਾਅ ਨਾਲ ਨੇੜ ਭਵਿੱਖ ਵਿਚ ਧਰਤੀ ਵੀ ਗਰਕਣੀ ਸ਼ੁਰੂ ਹੈ ਸਕਦੀ ਹੈ। ਜ਼ਮੀਨੀ ਵਿਰਲਾਂ ਵਿਚਲਾ ਪਾਣੀ ਜੈਕ ਦੀ ਭੂਮਿਕਾ ਨਿਭਾਉਂਦਾ ਹੈ।

ਮਨੁੱਖੀ ਸਭਿਆਤਾ ਦੇ ਜਿਸ ਵਰਤਮਾਨ ਪੜਾਅ ਵਿਚ ਮਨੁੱਖ ਜਾਤੀ ਲੰਘ ਰਹੀ ਹੈ, ਉਸ ਦੇ ਮੱਦੇਨਜ਼ਰ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਲੋੜ ਹੈ। ਸਾਡੀਆਂ ਸਮਾਜੀ ਤੇ ਆਰਥਿਕ ਚਿੰਤਾਵਾਂ ਵਿਚ ਜਿੰਨਾ ਵਾਧਾ ਹੋਇਆ ਹੈ ਜਾਂ ਹੋ ਰਿਹਾ ਹੈ ਉਸ ਦਾ ਮੂਲ ਆਧਾਰ, ਮਨੁੱਖੀ ਲਾਲਚ, ਮੌਜੂਦਾ ਸਿਸਟਮ ਅਤੇ ਕੁਦਰਤ ਦਾ ਉਜਾੜਾ ਹੈ। ਅਰਥਾਤ ਜੇ ਅਸੀਂ ਚਲੰਤ ਰਾਜ ਪ੍ਰਬੰਧਾਂ ਦਾ ਸੰਤਾਪ ਅਤੇ ਕੁਦਰਤ ਦੀ ਵੇਦਨਾ ਸਮਝ ਸੁਣ ਲਈਏ ਤਾਂ ਅਸੀਂ ਭਵਿੱਖ ਦੀਆਂ ਦੁਸ਼ਵਾਰੀਆਂ ਦਾ ਹੱਲ ਕਰ ਲਵਾਂਗੇ। ਸਮੁੱਚੇ ਸੰਸਾਰ ਨੂੰ ਹੀ ਜਾਗਣ ਦੀ ਲੋੜ ਹੈ ਅਤੇ ਸਾਨੂੰ ਸਭ ਨੂੰ ਵੀ । ਭਾਰਤੀ ਦਰਸ਼ਨ ਤਾਂ ਕੁਦਰਤ ਦੀ ਰਾਖੀ ਅਤੇ ਇਸ ਦਾ ਸਤਿਕਾਰ ਕਰਨ ਦੀ ਵੀ ਪ੍ਰੇਰਨਾ ਦਿੰਦਾ ਹੈ। ਸਾਡੇ ਮੇਲੇ ਮੁਸਾਹਬੇ ਜਲ ਕੁੰਡਾਂ, ਨਦੀਆਂ ਕੰਢੇ ਜੁੜਦੇ ਹਨ। ਸਾਡਾ ਸੱਭਿਆਚਾਰ ਭੌਣਾ-ਜਨੌਰਾਂ ਨੂੰ ਚੋਗਾ ਪਾਉਂਦਾ ਹੈ। ਰੁੱਖਾਂ ਨੂੰ ਮੌਲੀਆਂ ਬੰਨ੍ਹਦਾ ਸੀ। ਨਦੀਆਂ ਟੋਭਿਆਂ 'ਤੇ ਦੀਵੇ ਜਗਾਉਂਦਾ ਹੈ। ਸਾਡੇ ਪੁਰਖੇ ਤਾਂ ਸੁੱਤੀ ਧਰਤੀ ਵਿਚ ਹਲ ਵੀ ਨਹੀਂ ਸੀ ਜੋਤਦੇ । ਅਸੀਂ ਹੀ ਇਹਨਾਂ ਦੇ ਅਸਲ ਭਾਵਾਂ ਨੂੰ ਭੁੱਲ ਗਏ ਹਾਂ ।

ਝੀਲਾਂ, ਦਰਿਆ, ਜੰਗਲ-ਬੇਲੇ ਤੇ ਪਹਾੜ ਮਨੁੱਖ ਜਿੰਨੇ ਹੀ ਮਹੱਤਵਪੂਰਨ ਹਨ ਸਗੋਂ ਮਨੁੱਖੀ ਹੋਂਦ ਲਈ ਮਨੁੱਖ ਤੋਂ ਵੀ ਜ਼ਿਆਦਾ ਅਹਿਮ ਹਨ। ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ ਵਿੱਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਰਹਿਤਲ ਵਿਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਪੜ੍ਹਨ, ਸੁਣਨ, ਬੁੱਝਣ ਅਤੇ ਅਮਲ ਕਰਨ ਤੋਂ ਇਨਕਾਰੀ ਹੋ ਗਏ ਹਾਂ। ਸਿੱਟਾ ਇਹ ਨਿੱਕਲਿਆ ਹੈ ਕਿ ਹੁਣ ਧਰਤੀ (ਕੁਦਰਤ) ਸਾਡੇ 'ਤੇ ਮੋੜਵਾਂ ਵਾਰ ਕਰਨ ਲਗ ਪਈ ਹੈ। ਆਓ ਹੁਣ ਬਿਰਖਾਂ ਦੀ ਗੱਲ ਕਰੀਏ। ਪਹਾੜਾਂ ਦੀ ਕਦਰ ਕਰੀਏ। ਦਰਿਆਵਾਂ ਦੀ ਬਾਂਹ ਫੜੀਏ। ਧਰਤੀ ਦਾ ਅਦਬ ਕਰੀਏ।

* * * * *


## ਸੱਤ ਸਾਲ ਦੀ ਬੱਚੀ ਦੀ ਲਾਸਾਨੀ ਹਿੰਮਤ



ਰੋਪੜ ਸ਼ਹਿਰ ਦੇ ਵਸਨੀਕ ਦੀਪਕ ਸੂਦ ਦੀ 7 ਸਾਲਾ ਬੇਟੀ ਸਾਨਵੀ ਸੂਦ ਨੇ ਮਾਊਂਟ ਐਵਰੈਸਟ ਦੇ ਬੇਸ ਕੈਂਪ ਵਿੱਚ 5367 ਮੀਟਰ ਦੀ ਉਚਾਈ ਤੱਕ ਪੁੱਜ ਕੇ ਭਾਰਤ ਦੀ ਪਹਿਲੀ ਸਭ ਤੋਂ ਛੋਟੀ ਉਮਰ ਦੀ ਪਰਬਤਾਰੋਹੀ ਲੜਕੀ ਬਣਨ ਦਾ ਮਾਣ ਹਾਸਲ ਕੀਤਾ ਹੈ। ਉਸ ਨੇ 9 ਦਿਨ ਵਿੱਚ 65 ਕਿਲੋਮੀਟਰ ਤੰਗ ਤੇ ਮੁਸ਼ਕਿਲ ਰਸਤਾ ਤੈਅ ਕਰ ਕੇ ਨਵਾਂ ਰਿਕਾਰਡ ਬਣਾਇਆ ਹੈ। ਇਸ ਬੱਚੀ ਨੇ ਘੱਟ ਆਕਸੀਜਨ ਵਿੱਚ ਠੰਡੀਆਂ ਤੇ ਤੇਜ਼ ਹਵਾਵਾਂ ਦਾ ਹੌਸਲੇ ਤੇ ਮਿਹਨਤ ਨਾਲ ਮੁਕਾਬਲਾ ਕੀਤਾ ਹੈ। ਏਨਾ ਹੀ ਨਹੀਂ, ਉਸ ਨੇ ਤਾਂ ਆਪਣੈ 9 ਸਾਥੀਆਂ ਦੀ ਅਗਵਾਈ ਕੀਤੀ ਹੈ। ਸਥਾਨਿਕ ਪੱਧਰ 'ਤੇ ਛੋਟੀਆਂ ਟਰੈਕਿੰਗ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਵਾਲੀ ਸਾਨਵੀ ਯਾਦਵਿੰਦਰਾ ਸਕੂਲ ਮੋਹਾਲੀ ਵਿੱਚ ਦੂਜੀ ਜਮਾਤ ਦੀ ਵਿਦਿਆਰਥਣ ਹੈ। ਰੋਪੜ ਸ਼ਹਿਰ ਵਿੱਚ ਪੁੱਜਣ 'ਤੇ ਸ਼ਹਿਰ ਦੀਆਂ ਦਰਜਣਾ ਸਮਾਜਸੇਵੀ ਸੰਸਥਾਵਾਂ ਨੇ ਸਾਨਵੀ ਨੂੰ 'ਜੀ ਆਇਆਂ' ਆਖਿਆ ਅਤੇ ਉਸ ਦੇ ਮਾਂਬਾਪ ਨੂੰ ਵਧਾਈਆਂ ਦਿੱਤੀਆਂ ਹਨ

* * * * *

## ਮਜ਼ਦੂਰ ਦਿਵਸ 1 ਮਈ 'ਤੇ



ਯੇ ਸਾਰਾ ਜਿਸਮ ਝੁਕ ਕਰ ਬੋਝ ਸੇ ਦੋਹਰਾ ਹੁਆ ਹੋਗਾ।
ਯੇ ਸਜਦੇ ਮੇਂ ਨਹੀਂ ਥਾ ਆਪ ਕੋ ਧੋਖਾ ਹੁਆ ਹੋਗਾ।

ਚਿੰਤਾ ਪੰਜਾਬ ਦੀ

# ਪੰਜਾਬ ਸਰਕਾਰ ਸਾਹਮਣੇ ਆਰਥਿਕ ਚੁਣੌਤੀਆਂ

ਡਾ. ਕੇਸਰ ਸਿੰਘ ਭੰਗੂ

ਪੰਜਾਬ ਗੰਭੀਰ ਅਤੇ ਗਹਿਰੇ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ, ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ 1981 ਤੋਂ 2001 ਤੱਕ ਪਹਿਲੇ ਸਥਾਨ ਉੱਤੇ ਰਿਹਾ, ਹੁਣ ਖਿਸਕ ਕੇ 19ਵੇਂ ਸਥਾਨ ਤੇ ਪੁੱਜ ਗਿਆ ਹੈ। ਪੰਜਾਬ ਸਿਰ ਇਸ ਵਕਤ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ਼ ਭਰਨ ਲਈ ਹੀ ਖ਼ਰਚ ਹੋ ਜਾਂਦਾ ਹੈ। ਪੂੰਜੀ ਨਿਵੇਸ਼ ਦੀ ਭਾਰੀ ਘਾਟ, ਖੇਤੀ ਖੇਤਰ ਦੇ ਗੰਭੀਰ ਆਰਥਿਕ ਸੰਕਟ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਪਿਛਾਂਹ ਸਰਕਦੀ ਹੋਈ ਪ੍ਰਤੀ ਵਿਅਕਤੀ ਆਮਦਨ, ਸੂਬੇ ਸਿਰ ਚੜ੍ਹਿਆ ਮਣਾਂ ਮੂੰਹੀ ਕਰਜ਼ਾ ਕਰਾਂ ਦੀ ਵੱਡੇ ਪੱਧਰ ਤੇ ਚੋਰੀ, ਕੁਲ ਘਰੇਲੂ ਉਤਪਾਦ ਦੀ ਅਨੁਪਾਤ, ਬੇਰੁਜ਼ਗਾਰੀ ਦੀਆਂ ਉਚੀਆਂ ਦਰਾਂ, ਸੂਬੇ ਦੇ ਲੋਕਾਂ ਖਾਸਕਰ ਵਿਦਿਆਰਥੀਆਂ ਦੀਆਂ ਵਿਦੇਸ਼ ਵੱਲ ਵਹੀਰਾਂ, ਨਸ਼ਿਆਂ ਦੇ ਵਗਦੇ ਦਰਿਆ ਅਤੇ ਲੰਮੇ ਸਮੇਂ ਤੱਕ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਮਾੜਾ ਤੇ ਗੈਰ ਜ਼ਿੰਮੇਵਾਰਾਨਾ ਪ੍ਰਸ਼ਾਸਨ ਇਸ ਦੇ ਮੁੱਖ ਕਾਰਨ ਹਨ। ਪਿਛਲੇ ਸਮੇਂ ਦੌਰਾਨ ਸੂਬੇ ਵਿਚ ਸਿਆਸੀ ਲੀਡਰਾਂ ਅਤੇ ਅਫ਼ਸਰਸ਼ਾਹੀ ਦੀ ਸਰਪ੍ਰਸਤੀ ਹੇਠ ਫੈਲੇ ਡਰੱਗ ਮਾਫ਼ੀਆ, ਰੇਤਾ-ਬੱਜਰੀ ਮਾਫ਼ੀਆ, ਸ਼ਰਾਬ ਮਾਫ਼ੀਆ, ਟਰਾਂਸਪੋਰਟ ਮਾਫ਼ੀਆ, ਭੂਮੀ ਮਾਫ਼ੀਆ ਅਤੇ ਸਰਕਾਰੀ ਮਹਿਕਮਿਆਂ ਤੋਂ ਲੋਕਾਂ ਨੂੰ ਆਪਣੇ ਰੋਜ਼ਮੱਰਾ ਦੇ ਕੰਮ ਕਰਵਾਉਣ ਲਈ ਪ੍ਰਚਲਤ ਰਿਸ਼ਵਤਖੋਰੀ ਨੇ ਸੂਬੇ ਦੇ ਅਰਥਚਾਰੇ ਅਤੇ ਪ੍ਰਸ਼ਾਸਨ ਨੂੰ ਖੋਖਲਾ ਬਣਾ ਦਿੱਤਾ ਹੈ। ਇਸ ਕਰਕੇ ਪਜਾਬ ਦੇ ਲੋਕਾਂ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਪਛਾੜ ਕੇ 'ਆਪ' ਨੂੰ ਵੱਡੇ ਬਹੁਮਤ ਨਾਲ ਜਿਤਾਇਆ ਹੈ। ਇਸ ਲਈ ਹੁਣ ਲੋਕਾਂ ਨੂੰ ਨਵੀਂ ਸਰਕਾਰ ਤੋਂ ਵੱਡੀਆਂ ਉਮੀਦਾਂ ਹਨ। ਸਰਕਾਰ ਨੂੰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰਨ ਲਈ ਪਹਾੜ ਜਿੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਇਸ ਲਈ ਜ਼ਰੂਰੀ ਹੈ ਕਿ ਰਾਜ ਦੇ ਆਰਥਿਕ ਪ੍ਰਸ਼ਾਸਨ ਨੂੰ ਹੋਰ ਚੁਸਤ-ਦਰੁਸਤ ਅਤੇ ਸੁਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦੇਣ ਲਈ 'ਆਰਥਿਕ ਸਲਾਹਕਾਰ ਕੌਂਸਲ' ਬਣਾਈ ਜਾਵੇ ਜਿਵੇਂ ਤਾਮਿਲਨਾਡੂ ਨੇ ਬਣਾਈ ਹੈ। ਵਿੱਤ ਵਿਭਾਗ ਨੂੰ ਸੂਬੇ ਦੀ ਮਾੜੀ ਆਰਥਿਕਤਾ ਦੇ ਮੱਦੇਨਜ਼ਰ ਤੁਰੰਤ ਨਵੇਂ ਢੰਗਾਂ ਨਾਲ ਕਰਾਂ ਅਤੇ ਗੈਰ-ਕਰਾਂ ਦੇ ਆਮਦਨ ਵਧਾਉਣ ਵਾਲੇ ਵਸੀਲੇ ਲੱਭਣੇ ਚਾਹੀਦੇ ਹਨ। ਇਸ ਕੰਮ ਲਈ ਸਰਕਾਰ ਨੂੰ ਮੌਕੇ ਅਨੁਸਾਰ ਆਰਥਿਕ ਮਾਹਿਰਾਂ ਦੀ ਠੀਕ ਸਲਾਹ ਦੀ ਜ਼ਰੂਰਤ ਹੋਵੇਗੀ। ਇਸ ਲਈ ਪੰਜਾਬ ਸਰਕਾਰ ਨੂੰ ਵੀ ਕੇਂਦਰ ਵਾਂਗ ਸੂਬੇ ਦੇ ਵਿੱਤ ਮੰਤਰਾਲੇ ਵਿਚ ਆਰਥਿਕ ਨੀਤੀਆਂ ਦੇ ਮਾਹਿਰ ਨੂੰ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰਨਾ ਚਾਹੀਦਾ ਹੈ। ਸੂਬੇ ਵਿੱਚ ਆਰਥਿਕ ਪ੍ਰਸ਼ਾਸਕੀ ਸੁਧਾਰਾਂ ਦੀ ਵੀ ਤੁਰੰਤ ਜ਼ਰੂਰਤ ਹੈ ਕਿਉਂਕਿ ਇਸ ਸਮੇਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਇੱਕ ਹੀ ਅਥਾਰਟੀ (ਅਫ਼ਸਰਸ਼ਾਹੀ) ਕੋਲ ਹੈ, ਜਦੋਂ ਕਿ ਇਹ ਦੋਨੋਂ ਕੰਮ ਦੋ ਅਲੱਗ-ਅਲੱਗ ਮਾਹਿਰਾਂ ਵਲੋਂ ਲੋਕਪੱਖੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕਰਨੇ ਹੁੰਦੇ ਹਨ। ਅਫ਼ਸਰਸ਼ਾਹੀ ਦਾ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੇ ਕੰਮਾਂ ਵਿੱਚ ਏਕਾਧਿਕਾਰ ਹੋਣ ਕਾਰਨ ਭ੍ਰਿਸ਼ਟਾਚਾਰ ਵਾਲੇ ਅਤੇ ਵਿਕਾਸ-ਵਿਰੋਧੀ ਰੁਝਾਨ ਨੂੰ ਬਲ ਮਿਲ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮ ਵੱਖ-ਵੱਖ ਕਰਨੇ ਚਾਹੀਦੇ ਹਨ ਅਤੇ ਨੀਤੀਆਂ ਦੀ ਪੜਚੋਲ ਲਈ ਮਾਹਿਰਾਂ ਦੀ ਵੱਖਰੀ ਅਤੇ ਆਜ਼ਾਦਾਨਾ ਅਥਾਰਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਅਜਿਹੇ ਆਰਥਿਕ ਸੁਧਾਰ ਸੂਬੇ ਵਿੱਚ ਆਰਥਿਕ ਨੀਤੀਆ ਰਾਹੀਂ ਆਮਦਨ ਸਰੋਤਾਂ ਦੀ ਬਰਾਬਰ ਵੰਡ ਅਤੇ ਬਿਹਤਰ ਆਰਥਿਕ ਅਨੁਸ਼ਾਸਨ ਮੁਹੱਈਆ ਕਰਨਗੇ।

ਪੰਜਾਬ ਵਿੱਚ ਭਾਵੇਂ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਹਨ ਪਰ ਪੂੰਜੀ ਨਿਵੇਸ਼ ਦਾ ਅਕਾਲ, ਚੜ੍ਹੇ ਕਰਜ਼ੇ ਦਾ ਹੱਲ ਅਤੇ ਖੇਤੀ ਸੰਕਟ ਦਾ ਹੱਲ ਕਰਨਾ ਮੁੱਖ ਮੁੱਦੇ ਹਨ। ਇਹ ਮਸਲੇ ਹੱਲ ਹੋਣ ਨਾਲ ਕਾਫੀ ਸਮੱਸਿਆਵਾਂ ਦਾ ਹੱਲ ਆਪਣੇ ਆਪ ਹੋ ਜਾਵੇਗਾ। ਪਹਿਲਾਂ ਨਿਵੇਸ਼ ਦੀ ਗੱਲ ਕਰਦੇ ਹਾਂ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿੱਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਵਧੇਰੇ ਤੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿੱਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼- ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ ਜਿਹੜੀ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫ਼ਲਤਾ ਕਾਰਨ ਹੋਇਆ ਹੈ। ਜੇਕਰ ਪੰਜਾਬ ਅਪਣਾ

ਆਰਥਿਕ ਮਾਣ-ਸਨਮਾਨ ਫਿਰ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਰਾਜਕੋਸ਼ੀ ਨੀਤੀ ਵਿੱਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਖੇਤੀ ਉਤਪਾਦ ਦਾ ਅਨੁਪਾਤ ਵਧਾ ਕੇ 15 ਪ੍ਰਤੀਸ਼ਤ ਦੇ ਆਸਪਾਸ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ।

ਪੰਜਾਬ ਵਿੱਚ ਨਿਵੇਸ਼ ਦੀ ਘਾਟ ਵੱਲ ਨਿਗ੍ਹਾ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਦੇ 2020-21 ਵਾਲੇ ਬਜਟ ਵਿੱਚ ਖ਼ਰਚ ਦਾ 11.6 ਪ੍ਰਤੀਸ਼ਤ ਸਿੱਖਿਆ ਲਈ ਰੱਖਿਆ ਸੀ। ਉਸ ਸਾਲ ਸਿੱਖਿਆ ਤੇ ਖ਼ਰਚ ਲਈ ਮੁਲਕ ਦੇ ਸਾਰੇ ਸੂਬਿਆਂ ਦੀ ਔਸਤ 15.8 ਪ੍ਰਤੀਸ਼ਤ ਸੀ। ਇਸੇ ਤਰ੍ਹਾਂ ਪੰਜਾਬ ਨੇ ਸਿਹਤ ਦੇ ਖੇਤਰ ਲਈ 4 ਪ੍ਰਤੀਸ਼ਤ ਰੱਖੇ ਜਦੋਂਕਿ ਮੁਲਕ ਦੀ ਔਸਤ 5.5 ਪ੍ਰਤੀਸ਼ਤ ਸੀ। ਪੰਜਾਬ ਨੇ ਪੇਂਡੂ ਖੇਤਰਾਂ ਦੇ ਵਿਕਾਸ ਲਈ 2.2 ਪ੍ਰਤੀਸ਼ਤ ਹਿੱਸਾ ਰੱਖਿਆ ਅਤੇ ਮੁਲਕ ਦੀ ਔਸਤ 6.1 ਪ੍ਰਤੀਸ਼ਤ ਸੀ। ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ ਨੇ 1.6 ਪ੍ਰਤੀਸ਼ਤ ਰੱਖੇ ਪਰ ਮੁਲਕ ਦੀ ਔਸਤ 4.3 ਪ੍ਰਤੀਸ਼ਤ ਸੀ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਨੇ ਇਹ ਰਕਮ ਖ਼ਰਚ ਕਰਨ ਲਈ ਰੱਖੀ ਸੀ, ਅਸਲ ਵਿੱਚ ਖ਼ਰਚ ਲਈ ਰੱਖੀ ਰਕਮ ਤੋਂ ਖ਼ਰਚ ਘੱਟ ਹੀ ਹੁੰਦਾ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿੱਚ ਸਿੱਖਿਆ, ਸਿਹਤ ਸੰਭਾਲ, ਪੇਂਡੂ ਖੇਤਰਾਂ ਦੇ ਵਿਕਾਸ ਅਤੇ ਸੜਕਾਂ ਤੇ ਪੁੱਲਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਨਿਵੇਸ਼ ਦੀ ਘਾਟ ਹੈ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਇਸ ਮਾਮਲੇ ਵਿੱਚ ਕੇਰਲ ਅਤੇ ਪੱਛਮੀ ਬੰਗਾਲ ਦੇ ਨਾਲ ਨਾਲ ਮੁਲਕ ਦਾ ਮੋਹਰੀ ਸੂਬਾ ਹੈ। ਕਿਸੇ ਵੀ ਸ਼ਖ਼ਸ ਜਾਂ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ ਭਾਰ ਮਿਣਨ ਲਈ ਚੜ੍ਹੇ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖੀ ਜਾਂਦੀ ਹੈ। ਪੰਜਾਬ ਵਿੱਚ 2001 ਤੋਂ ਪਹਿਲਾਂ, ਚੜ੍ਹੇ ਕਰਜ਼ੇ ਅਤੇ ਪੰਜਾਬ ਦਾ ਕੁਲ ਘਰੇਲੂ ਉਤਪਾਦ ਅਨੁਪਾਤ 40 ਪ੍ਰਤੀਸ਼ਤ ਤੋਂ ਘੱਟ ਹੁੰਦਾ ਸੀ ਜਿਹੜਾ ਹੁਣ ਵੱਧ ਕੇ 52.8 ਪ੍ਰਤੀਸ਼ਤ ਹੋ ਗਿਆ ਹੈ। ਭਾਵ 2001 ਵਿਚ ਪਜਾਬ ਸਰਕਾਰ ਸਿਰ 30760 ਰੁਪਏ ਦਾ ਕਰਜ਼ਾ ਸੀ ਜਿਹੜਾ ਵਧਦਾ ਵਧਦਾ 2007 ਵਿਚ 40000 ਕਰੋੜ ਰੁਪਏ, 2010 ਵਿਚ 53252 ਕਰੋੜ, 2015 ਵਿਚ 86818 ਕਰੋੜ, 2017 ਵਿਚ 153773 ਕਰੋੜ ਰੁਪਏ ਅਤੇ ਅੱਜ ਕੱਲ੍ਹ 282000 ਕਰੋੜ ਰੁਪਏ ਦੇ ਨੇੜੇ-ਤੇੜੇ ਹੈ। ਜੇ ਸਰਕਾਰਾਂ ਇਵੇਂ ਹੀ ਚੱਲਦੀਆਂ ਰਹੀਆਂ ਤਾਂ 2025 ਵਿਚ ਕਰਜ਼ਾ 373988 ਕਰੋੜ ਰੁਪਏ ਹੋ ਜਾਵੇਗਾ। ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਸਖ਼ਤ ਫੈਸਲੇ ਕਰ ਕੇ ਆਮਦਨ ਵਧਾਉਣ ਦੀ ਬਜਾਇ ਹੋਰ ਕਰਜ਼ਾ ਲੈਣ ਨੂੰ ਤਰਜੀਹ ਦਿੱਤੀ

ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਪਰ ਉਦਾਰੀਕਰਨ ਦੀਆਂ ਨੀਤੀਆਂ ਨੇ ਇਸ ਨੂੰ ਸੰਕਟ ਵਿਚ ਫਸਾ ਦਿੱਤਾ ਹੈ। ਖੇਤੀ ਦੀਆਂ ਲਗਾਤਾਰ ਵਧ ਰਹੀਆ ਲਾਗਤਾਂ, ਘਟਦੀ ਆਮਦਨ ਅਤੇ ਛੋਟੀ ਤੇ ਸੀਮਾਂਤ ਕਿਸਾਨੀ ਉਪਰ ਕਰਜ਼ੇ ਦੇ ਮੱਕੜਜਾਲ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਖੇਤੀ ਸੰਕਟ ਦੀ ਬਹੁਤੀ ਮਾਰ ਛੋਟੀ ਤੇ ਸੀਮਾਂਤ ਕਿਸਾਨੀ ਅਤੇ ਖੇਤ ਮਜ਼ਦੂਰਾਂ ਤੇ ਪਈ ਹੈ। ਖੁਦਕੁਸ਼ੀਆਂ ਵੀ ਇਹਨਾਂ ਵਰਗਾਂ ਵਿਚ ਹੀ ਵਧੇਰੇ ਹੋਈਆਂ ਹਨ। ਖੁਦਕੁਸ਼ੀ ਵਾਲੇ ਪਰਿਵਾਰ ਦੇ ਜੀਅ ਸਮਾਜਿਕ ਅਤੇ ਆਰਥਿਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਹਨਾਂ ਨੂੰ ਤੁਰੰਤ ਮਨੁੱਖੀ ਹਮਦਰਦੀ ਦਿਖਾ ਕੇ ਮੁੜ ਵਸਾਉਣ ਦੀ ਲੋੜ ਹੁੰਦੀ ਹੈ। ਖੇਤੀ ਸੰਕਟ ਦੇ ਲੰਮੇ ਸਮੇਂ ਦੇ ਹੱਲ ਲਈ ਸਰਕਾਰ ਨੂੰ ਖੇਤੀ ਅਧਾਰਿਤ ਸਨਅਤਾਂ ਲਾ ਕੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਨੀਤੀ ਲਾਗੂ ਕਰਨੀ ਚਾਹੀਦੀ ਹੈ। ਕਾਰਪੋਰੇਟ ਸੈਕਟਰ/ ਮੈਗਾ ਪ੍ਰਾਜੈਕਟਾਂ ਨੂੰ ਮਿਲਣ ਵਾਲੀਆਂ ਸਾਰੀਆਂ ਸਬਸਿਡੀਆਂ ਅਤੇ ਟੈਕਸ ਛੋਟਾਂ ਉਹਨਾਂ ਉਦਮੀਆਂ ਨੂੰ ਵੀ ਦੇਣੀਆਂ ਚਾਹੀਦੀਆਂ ਹਨ ਜਿਹੜੇ ਖੇਤੀ ਅਧਾਰਿਤ ਸਨਅਤਾਂ ਪਿੰਡਾਂ ਵਿਚ ਲਗਾਉਣ ਅਤੇ ਲੋਕਲ ਕੱਚਾ ਮਾਲ ਵਰਤਣ ਨੂੰ ਪਹਿਲ ਦੇਣ। ਪੰਜਾਬ ਦੇ ਅਰਥਚਾਰੇ ਵਿਚ ਆਰਥਿਕ ਤਬਦੀਲੀਆਂ ਲਿਆਉਣਾ ਮੁੱਖ ਹੋਣਾ ਚਾਹੀਦਾ ਹੈ। ਅਜਿਹੀ ਤਬਦੀਲੀ ਲਈ ਖੇਤੀ ਦੇ ਮੁਢਲੇ ਉਤਪਾਦਕਾਂ ਨੂੰ ਮੰਡੀਕਰਨ ਅਤੇ ਸਨਅਤੀਕਰਨ ਦੀਆਂ ਪ੍ਰਕਿਰਿਆਵਾਂ ਵਿਚ ਆਪਸੀ ਤਾਲਮੇਲ ਬਿਠਾ ਕੇ ਵਧੇਰੇ ਲਾਭ ਲਈ ਪ੍ਰੇਰਨਾ ਚਾਹੀਦਾ ਹੈ।

❊ ❊ ❊ ❊ ❊

.....ਸਫਾ 20 ਦੀ ਬਾਕੀ

ਇਨ੍ਹਾਂ ਪਿੰਡਾਂ ਵਿੱਚ ਲੋਕ ਸਤਿਕਾਰ ਨਾਲ ਇਨ੍ਹਾਂ ਦੇ ਪੈਰੀਂ ਹੱਥ ਲਾਉਂਦੇ । ਉਹ ਨਿੱਜੀ ਜ਼ਿੰਦਗੀ ਵਿੱਚ ਬਹੁਤ ਸ਼ਰੀਫ ਤੇ ਆਪਣੀ ਜ਼ਮੀਨ 'ਤੇ ਕੰਮ ਕਰਨ ਵਾਲੇ ਕਾਮਿਆਂ ਦੇ ਦੁਖ ਸੁੱਖ ਵਿੱਚ ਕੰਮ ਆਉਣ ਵਾਲੇ ਸਨ। ਹਜ਼ਾਰਾਂ ਏਕੜਾਂ ਦੀ ਮਾਲਕੀ ਕਾਰਨ ਸੱਤਰਵਿਆਂ ਵਿੱਚ ਪੂਰਬੀ ਪੰਜਾਬ ਵਿੱਚ ਕਮਿਊਨਿਸਟ ਪਾਰਟੀ ਨੇ ਜ਼ਮੀਨੀ ਸੁਧਾਰ ਮੋਰਚੇ ਵਿੱਚ ਬੇਦੀ ਫਾਰਮ 'ਤੇ ਵੱਡਾ ਸੱਤਿਆਗ੍ਰਹਿ ਕੀਤਾ ਤੇ ਜੇਲ੍ਹਾਂ ਵਿੱਚ ਗਏ। ਪੂਰਬੀ ਪੰਜਾਬ ਦਾ ਇਹ ਸਭ ਤੋਂ ਵੱਡਾ ਜ਼ਮੀਨੀ ਮੋਰਚਾ ਸੀ।

ਅਜੋਕੇ ਸਮੇਂ ਵਿੱਚ ਭਾਵੇਂ ਪੰਜਾਬ ਦੇ ਇਨ੍ਹਾਂ ਰਈਸਾਂ, ਜਾਗੀਰਦਾਰਾਂ ਦਾ ਉਹ ਅਕਸ ਤੇ ਭੂਮਿਕਾ ਨਹੀਂ ਰਹੀ ਤੇ ਧਾਰਮਿਕ ਖੇਤਰ ਵਿੱਚ ਵੀ ਪਿੰਡ ਪਿੰਡ ਸਾਧਾਂ ਦੇ ਡੇਰਿਆਂ ਨੇ ਥਾਂ ਮੱਲ ਲਈ ਹੈ ਪਰ ਸਭ ਕੁੱਝ ਦੇ ਬਾਵਜੂਦ ਵੀ ਪੰਜਾਬ ਵਿੱਚਲੀ ਧਾਰਮਿਕ ਸਮਾਜਿਕ ਤੇ ਰਾਜਨੀਤਿਕ ਸਥਿਤੀ ਵਿੱਚ ਇਨ੍ਹਾਂ ਰਈਸਾਂ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਅਜਿਹੀ ਭੂਮਿਕਾ ਨਿਭਾਉਣ ਵਿੱਚ ਬੇਦੀ ਖਾਨਦਾਨ ਮੋਹਰਲੀਆਂ ਸਫ਼ਾਂ ਵਿੱਚ ਸੀ।



## NEW FIVE YEAR MEMBERS OF "SAINI SANSAR"

Compiled by
Jagdev Singh
Saini Bhawan, Rupnagar

Continued from page 19 of 44th Issue

980. **S. Varinderjit Singh**
Sada Barat, Opp. Royal Palace, Ropar

981. **Smt. Kulvir Kaur W/o S. Daljit Singh**
Vill. Charheri, P.O., Kurali, Distt. Ropar

982. **S. Gurcharan Singh Pabla**
Granthi Bagh, Railon Road, Ropar

983. **S. Gurdial Singh**
# 173, Model Town, Ropar

984. **S. Kuldip Singh Patwari**
Opp. DAV School, Ropar

985. **S. Rajinder Singh Saini**
Jain Mohalla, Ropar

986. **Sh. Dev Raj Saini**
Near Khalsa School, Ropar

987. **S. Santokh Singh** **Rs. 1000/-**
Guru Nagar, Ropar

988. **S. Surinder Singh** W/o S. Rajinder Singh
#73, Opp. Saini Bhawan, Ropar

989. **S. Zorawar Singh (Bittu)**
2841, College Road, Ropar

990. **Smt. Harjit Kaur**
# 252, G.Z.S. Nagar, Ropar

991. **S. Harpreet Inder Singh**
VPO Jatana, Distt. Ropar

992. **S. Parddman Singh**
# 13, St.No. 2, Malhotra Colony, Ropar

993. **S. Balbir Singh** **Rs. 1000**
Vill. Jhanjowal, Distt. Hoshiarpur

994. **S. Amrik Singh**
# 713, GZS Nagar, Ropar

995. **S. Tarlochan Singh**
G.Z.S. Nagar, Ropar

996. **S. Gurnam Singh Ex Sarpanch**
Vill. Shampura, Distt. Ropar Rs. 1600/-

997. **S. Gurmail Singh Sarpanch**
Vill. Kotla Tapprian, Ropar

998 **S. Manjit Singh Tamber**
Vill. Panjaur, Distt. Hoshiarpur

999. **S. Kamaljit Singh Saini**
Vill. Panjaur, Distt. Hoshiarpur

1000. **S. Nirmal Singh**
V.P.O. Bela, Distt. Ropar

1001 **S. Bhupinder Singh**
# 193, Dasmesh Nagar, Part 1, Ropar

1002. **Master Surjit Singh**
Vill. Panjaur, Distt. Hoshiarpur

1003. **S. Santokh Singh**
Vill. Panjaur, Distt. Hoshiarpur

1004. **S. Jasvir Singh**
Durga Nagar, Ambala (Haryana)

1005. **S. Gurbachan Singh Beli**
# 15, Gahunia Enclave, Ropar

1006. **S. Sucha Singh**
# Hargobind Nagar, Ropar

1007. **S. Mandip Singh**
VPO Malikpur, Distt. Ropar

1008. **S. Ranjit Singh**
# 99, Sun Enclave, Ropar

1009. **S. Sukhwinder Singh Patwari**
Jujhar Singh Nagar, Ropar

1010. **S. Jaswant Singh**
Jujhar Singh Nagar, Ropar

1011. **S. Harjeet Singh Dangi** **1100/-**
# 4685, Haveli Kalan, Ropar

1012. **S. Lakhbir Singh Saini**
# 358, Dasmesh Nagar, Ropar

1013. **S. Gurwinder Singh**
# 145, Gobind Valley, Ropar

1014. **Sh. Rajiv Bhalla** **1100/-**
# 44, Sarpanch Enclave, Shampura

1015. **S. Santokh Singh Saini**
Shivalik Hotel, Chd. Road, Balachaur

1016. **S. Davinder Singh Jatana**
Gobind Valley, Ropar

1017. **S. Avtar Singh Longia**
# 452, Giani Zail Singh Nagar, Ropar

1018. **S. Surinder Singh Saini** **1000/-**
Gobind Valley, Ropar

continued at page 31......

## ਸੈਣੀ ਬਰਾਦਰੀ ਦੇ

# ਵਿਸ਼ਵ ਪ੍ਰਸਿੱਧ ਗਾਇਕ ਕਲਾਕਾਰ ਦਾ ਵਿਛੋੜਾ

ਸੰਗੀਤ ਜਗਤ ਵਿੱਚ ਆਪਣੀ ਕਲਾਕਾਰੀ ਨਾਲ ਧਾਂਕ ਜਮਾਉਣ ਵਾਲੇ **ਪੌਪ ਗਾਇਕ ਤਰਸੇਮ ਸਿੰਘ ਸੈਣੀ** 29 ਅਕਤੂਬਰ, 2022 ਨੂੰ ਕੇਵਲ 54 ਸਾਲ ਦੀ ਉਮਰ ਵਿੱਚ ਲੰਡਨ ਵਿਖੇ ਇਸ ਭੌਤਿਕ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਦੋ ਸਾਲ ਤੋਂ ਮਿਹਦੇ ਦੀ ਬਿਮਾਰੀ(ਹਰਨੀਆਂ) ਨਾਲ ਪੀੜਿਤ ਸੀ ਜਿਸ ਦਾ ਅਪਰੇਸ਼ਨ ਹੋਣਾ ਸੀ ਜੋਕਿ ਕੋਵਿਡ ਬਿਮਾਰੀ ਨਾਲ ਲੱਗੀਆਂ ਪਾਬੰਦੀਆਂ ਕਾਰਨ ਦੋ ਸਾਲ ਤੱਕ ਰੁਕਿਆ ਰਿਹਾ। ਇਹ ਦੇਰੀ ਹੀ ਉਸ ਲਈ ਜਾਨਲੇਵਾ ਸਿੱਧ ਹੋਈ। ਇਸ ਅਚਨਚੇਤੀ ਖਬਰ ਨੇ ਸੰਗੀਤਪ੍ਰੇਮੀਆਂ ਨੂੰ ਦੁੱਖ ਦੀ ਕੰਬਣੀ ਛੇੜ ਦਿੱਤੀ। ਤਰਸੇਮ ਸਿੰਘ ਸੈਣੀ ਜੋ ਕਿ 'ਜੌਹਨੀ ਜ਼ੀ' ਅਤੇ 'ਤਾਜ ਸਟੀਰੀਓ ਨੇਸ਼ਨਜ਼' ਵਜੋਂ ਪ੍ਰਸਿੱਧ ਸੀ ਬ੍ਰਿਟਿਸ਼ ਸਿੰਗਰ, ਕੰਪੋਜ਼ਰ ਅਤੇ ਐਕਟਰ ਸੀ। ਉਹ 1989 ਵਿੱਚ ਆਪਣੀ ਐਲਬਮ 'ਹਿੱਟ ਦ ਡੈਕ' ਨਾਲ ਪ੍ਰਸਿੱਧੀ ਦੀਆਂ ਬੁਲੰਦੀਆਂ ਨੂੰ ਛੋਹਣ ਲੱਗਾ। ਆਪਣੀ ਯੋਗਤਾ ਸਦਕਾ ਉਹ 1996 ਵਿੱਚ ਸਥਾਪਿਤ 'ਪੌਪ ਬੈਂਡ ਸਟੀਰੀਓ ਨੇਸ਼ਨ' ਦਾ ਮੁੱਖ ਗਾਇਕ ਬਣ ਗਿਆ।

ਤਰਸੇਮ ਸਿੰਘ ਸੈਣੀ ਦਾ ਜਨਮ 23 ਮਈ, 1967 ਨੂੰ ਵੈਸਟ ਮਿਡਲੈਂਡਜ਼ ਇੰਗਲੈਂਡ ਦੇ ਸ਼ਹਿਰ ਕੋਵੈਂਟਰੀ ਵਿੱਚ ਹੋਇਆ। ਉਸ ਨੇ ਆਪਣੀ ਕਲਾਕਾਰੀ ਸਦਕਾ 'ਕਰਾਸ ਕਲਚਰਲ ਏਸ਼ੀਅਨ ਫਿਊਜ਼ਨ ਮਿਊਜ਼ਕ' ਦਾ ਜਨਮਦਾਤਾ ਬਣਨ ਦਾ ਮਾਣ ਖੱਟਿਆ। ਉਸ ਨੇ 1989 ਤੋਂ 2012 ਤੱਕ 17 ਸੰਗੀਤ ਐਲਬਮਾਂ ਕੱਢੀਆਂ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਮਕਬੂਲ ਹੋਈ, 'ਸਲੇਵ 11 ਫਿਊਜ਼ਨ' ਜਿਸ ਦੀ ਵੀਡੀਓ 'ਪਿਆਰ ਹੋ ਗਿਆ' ਵਿੱਚ ਪ੍ਰਸਿੱਧ ਭਾਰਤੀ ਬਾਲੀਵੁੱਡ ਐਕਟਰ ਸ਼ਾਇਨੇ ਅਹੁਜਾ ਨੇ ਐਕਟਿੰਗ ਕੀਤੀ। ਇਸ ਐਲਬਮ ਵਿੱਚ ਹੀ ਵੀਡੀਓ 'ਇਸ਼ਕ ਹੋ ਗਿਆ' ਵਿੱਚ ਭਾਰਤੀ ਬਾਲੀਵੁਡ ਐਕਟ੍ਰੈਸ ਕੋਇਨਾ ਮਿੱਤਰਾ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਉਸ ਦੀਆਂ ਹੋਰ ਵੀਡੀਓਜ਼ ਵਿੱਚ 'ਨੱਚੇਂਗੇ ਸਾਰੀ ਰਾਤ' 'ਗੱਲ੍ਹਾਂ ਗੋਰੀਆਂ' 'ਜਵਾਨੀ ਆਨ ਦ ਰਾਕਸ' 'ਟਵਿਸਟ ਐਂਡ ਸ਼ਾਉਟ','ਦੇਸੀ ਐਂਡ ਯੂ ਨੋਅ ਇੱਟ' ਆਦਿ ਹਰਮਨਪਿਆਰੀਆਂ ਹਨ। ਉਸ ਨੇ ਬ੍ਰਿਟਿਸ਼ ਫਿਲਮਾਂ ਵਿੱਚ ਪਲੇਅਬੈਕ ਸਿੰਗਰ ਵਜੋਂ ਵੀ ਕੰਮ ਕੀਤਾ। ਇਨ੍ਹਾਂ ਵਿੱਚੋਂ 2007 ਵਿੱਚ ਬਣੀ ਫਿਲਮ 'ਡੂ ਨਾਟ ਸਟਾਪ ਡਰੀਮਿੰਗ' ਹੈ ਜਿਸ ਵਿੱਚ ਤਾਜ ਨੇ ਰਿਸ਼ੀ ਕਪੂਰ, ਸੁਨੀਲ ਸ਼ੈਟੀ ਅਤੇ ਰਿਚਰਡ ਬਲੈਕਵੁੱਡ ਜਿਹੇ ਐਕਟਰਾਂ ਨਾਲ ਕੰਮ ਕੀਤਾ। ਉਸ ਨੇ 2001 ਤੋਂ 2019 ਤੱਕ 8 ਫਿਲਮਾਂ ਲਈ ਸਾਊਂਡਟਰੈਕਸ ਦਿੱਤੇ। ਤਰਸੇਮ ਸਿੰਘ ਸੈਣੀ 2001 ਵਿੱਚ ਫਿਲਮ 'ਤੁੰਮ ਬਿਨ'2007 ਵਿੱਚ 'ਸਾਂਬਰ ਸਾਲਸਾ' ਫਿਲਮਾਂ ਬਣਾਈਆਂ।



ਉਸ ਨੇ ਭਾਰਤੀ ਫਿਲਮਾਂ- 'ਤੁਮ ਬਿਨ' 'ਰੇਸ' ਅਤੇ 'ਕੋਈ ਮਿਲ ਗਿਆ' ਲਈ ਗਾਣੇ ਤਿਆਰ ਕੀਤੇ। ਸੰਨ 2005 ਵਿੱਚ ਉਸ ਨੂੰ ਯੂ ਕੇ ਏਸ਼ੀਅਨ ਮਿਉਜ਼ਿਕ ਐਵਾਰਡਜ਼ ਵਿੱਚ 'ਬੈਸਟ ਇੰਟਰਨੈਸ਼ਨਲ ਆਰਟਿਸਟ' ਵਜੋਂ ਸਨਮਾਨਿਆ ਗਿਆ। ਉਸਦੀਆਂ ਸਾਰੀਆਂ ਹੀ ਐਲਬਮਾਂ ਨੇ ਗੋਲਡ, ਪਲਾਟੀਨਮ ਅਤੇ ਮਲਟੀਪਲਾਟੀਨਮ ਡਿਸਕਾਂ ਹਾਸਲ ਕੀਤੀਆਂ। ਇਸ ਪ੍ਰਕਾਰ ਹਰਮਨਪਿਆਰਤਾ ਦੀ ਟੀਸੀ 'ਤੇ ਪੁੱਜ ਕੇ ਅਚਾਨਕ ਤਰਸੇਮ ਸਿੰਘ ਸੈਣੀ ਦੁਨੀਆਵੀ ਪਰਦੇ ਤੋਂ ਅਲੋਪ ਹੋ ਗਏ। ਇਸ ਨਾਲ ਉਸ ਦੇ ਪ੍ਰੇਮੀਆਂ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ। ਸੈਣੀ ਬਰਾਦਰੀ ਨੇ ਆਪਣਾ ਬਹੁਮੁੱਲਾ ਹੀਰਾ ਗੁਆ ਲਿਆ ਹੈ।

* * * * *



## ਗ਼ਜ਼ਲ

ਜਤਿੰਦਰ ਲਸਾੜਾ

ਫਿਰ ਉਦਾਸੇ ਦਿਲ ਨੂੰ ਗੱਲਾਂ 'ਚ ਲਾਇਆ ਦੇਰ ਤੱਕ,  
ਫੇਰ ਅੱਜ ਨੈਣਾ ਨੂੰ ਮੈਂ ਧੁੱਪੇ ਸੁਕਾਇਆ ਦੇਰ ਤੱਕ।

ਫੇਰ ਅੱਜ ਤਨਹਾਈਆਂ ਦਾ ਕਾਰਵਾਂ ਚਲਦਾ ਰਿਹਾ,  
ਸੁੰਨੀਆਂ ਪੈੜਾਂ ਨੇ ਏਦਾਂ ਕਹਿਰ ਢਾਇਆ ਦੇਰ ਤੱਕ।

ਸੁਰਮਈ ਰਾਤਾਂ ਚ ਕੋਈ ਦੇਰ ਤੱਕ ਧੁਖਦਾ ਰਿਹਾ,  
ਗਮ ਦੀਆਂ ਚਿੰਗਾੜੀਆਂ ਨੇ ਲਾਂਬੂ ਲਾਇਆ ਦੇਰ ਤੱਕ।

ਹੋ ਗਿਆ ਨੈਣਾ ਤੋਂ ਓਂਝਲ ਪਲ ਦੋ ਪਲ ਦਾ ਹਮ ਸਫਰ,  
ਉਸ ਦੀਆਂ ਯਾਦਾਂ ਨੇ ਫਿਰ ਮੈਨੂੰ ਸਤਾਇਆ ਦੇਰ ਤੱਕ।

ਚਲ ਲਸਾੜੇ ਫਿਰ ਬਦਨ ਤੋਂ ਝਾੜੀਏ ਸਾਰਿਆਂ ਦੀ ਧੂੜ,  
ਜ਼ਿੰਦਗੀ ਦੀ ਕਸ਼ਮਕਸ਼ ਨੇ ਖੌਰੂ ਪਾਇਆ ਦੇਰ ਤੱਕ।

* * * * *

ਵਿਗਿਆਨ

# ਹੱਬਲ ਦੀ ਉੱਤਰਾਧਿਕਾਰੀ ਜੇਮਸ ਵੈੱਬ ਦੂਰਬੀਨ


ਹਰਜੀਤ ਸਿੰਘ
ਵਿਗਿਆਨੀ ਇਸਰੋ

ਪੁਰਾਣੇ ਤਾਰਿਆਂ ਦੀ ਖੋਜ ਕਰਨ ਅਤੇ ਹੁਣ ਜੀਵਨ ਦੇ ਸੰਕੇਤਾਂ ਦਾ ਪਤਾ ਲਗਾਉਣ ਲਈ ਬ੍ਰਹਿਮੰਡ ਦੀ ਪੜਤਾਲ ਲਈ ਵਿਸ਼ਵ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਸ਼ਕਤੀਸ਼ਾਲੀ ਪੁਲਾੜ ਦੂਰਬੀਨ 25 ਦਸੰਬਰ 2021 ਨੂੰ ਆਪਣੇ ਅਭਿਆਨ 'ਤੇ ਰਵਾਨਾ ਹੋ ਗਈ। ਅਮਰੀਕੀ ਪੁਲਾੜ ਏਜੰਸੀ 'ਨਾਸਾ' ਦੀ 6.5 ਟੰਨ ਭਾਰੀ 'ਜੇਮਜ਼ ਵੈੱਬ ਪੁਲਾੜ ਦੂਰਬੀਨ' ਨੇ ਦੱਖਣੀ ਅਮਰੀਕਾ ਦੇ ਗੁਆਨਾ ਪੁਲਾੜ ਕੇਂਦਰ ਤੋਂ ਯੂਰਪੀ ਰਾਕੇਟ 'ਏਰੀਅਨ' 'ਤੇ ਸਵਾਰ ਹੋ ਕੇ ਪੁਲਾੜ ਲਈ ਉਡਾਣ ਭਰੀ। ਇਹ 16 ਲੱਖ ਕਿਲੋਮੀਟਰ ਜਾਂ ਚੰਦਰਮਾ ਤੋਂ ਚਾਰ ਗੁਣਾ ਜ਼ਿਆਦਾ ਦੂਰੀ ਤੈਅ ਕਰ ਕੇ ਆਪਣੀ ਮੰਜ਼ਲ 'ਤੇ ਪਹੁੰਚ ਗਈ ਹੈ। ਹੁਣ ਇਹ ਪੂਰੀ ਸਫਲਤਾ ਨਾਲ ਪੁਲਾੜ ਦੀਆਂ ਫੋਟੋਆਂ ਉਤਾਰ ਰਹੀ ਹੈ ਅਤੇ ਨਾਸਾ ਅਨੁਸਾਰ ਇਹ ਫੋਟੋਆਂ 12 ਜੁਲਾਈ 2022 ਤੋਂ ਵਿਗਿਆਨੀਆਂ ਦੇ ਨਿਰੀਖਣ ਲਈ ਉਪਲਬਧ ਹੋਣਗੀਆਂ।

ਇਹ ਪੁਲਾੜੀ ਦੂਰਬੀਨ ਹੈ ਹੱਬਲ ਦੂਰਬੀਨ ਦੀ ਥਾਂ ਲਵੇਗੀ ਜੋ 2 ਦਹਾਕਿਆਂ ਤੋਂ ਸਾਨੂੰ ਪੁਲਾੜੀ ਸ਼ੈਆਂ ਦੀਆਂ ਖ਼ੂਬਸੂਰਤ ਅਤੇ ਜਾਣਕਾਰੀ ਭਰਪੂਰ ਤਸਵੀਰਾਂ ਭੇਜ ਰਹੀ ਹੈ, ਪਰ ਹੁਣ ਇਸ ਦਾ ਨਿਰਧਾਰਤ ਸਮਾਂ ਖ਼ਤਮ ਹੋਣ ਦੇ ਨੇੜੇ ਹੈ। ਇਸ ਦੇ ਕੰਮ ਨੂੰ ਅੱਗੇ ਵਧਾਉਣ ਲਈ ਨਾਸਾ , ਈਸਾ (ਯੂਰਪੀਅਨ ਪੁਲਾੜ ਏਜੰਸੀ ) ਅਤੇ ਕੈਨੇਡੀਅਨ ਪੁਲਾੜ ਏਜੰਸੀ ਨੇ ਮਿਲ ਕੇ 'ਜੇਮਸ ਵੈੱਬ ਪੁਲਾੜ 'ਦੂਰਬੀਨ' ਨਾਮ ਦੀ ਸ਼ਕਤੀਸ਼ਾਲੀ ਦੂਰਬੀਨ ਤਿਆਰ ਕੀਤੀ ਹੈ। ਇਸ ਦੂਰਬੀਨ ਦਾ ਨਾਮ ਅਪੋਲੋ ਪ੍ਰੋਗਰਾਮ ਦੇ ਸਮੇਂ ਨਾਸਾ ਦੇ ਪ੍ਰਬੰਧਕ ਜੇਮਸ ਈ ਵੈੱਬ ਦੇ ਨਾਮ 'ਤੇ ਰੱਖਿਆ ਗਿਆ ਹੈ। ਇਸ ਨੂੰ ਚਲਾਉਣ ਦੀ ਜ਼ਿਮੇਵਾਰੀ ਪੁਲਾੜੀ ਦੂਰਬੀਨ ਵਿਗਿਆਨ ਸੰਸਥਾ, ਮੇਰੀਲੈਂਡ (ਅਮਰੀਕਾ) ਦੀ ਹੈ ਜੋ ਕਿ ਹੁਣ ਹੱਬਲ ਨੂੰ ਚਲਾਉਂਦੀ ਹੈ।

ਵੈੱਬ ਦੂਰਬੀਨ ਦੇ ਮੁੱਖ ਸ਼ੀਸ਼ੇ ਦਾ ਵਿਆਸ 6.5 ਮੀਟਰ ਹੈ ਜੋ ਹੱਬਲ ਦੇ 2.4 ਮੀਟਰ ਦੇ ਵਿਆਸ ਤੋਂ ਕਿਤੇ ਵੱਡਾ ਹੈ। ਵੱਡੇ ਆਕਾਰ ਦਾ ਮਤਲਬ ਹੈ ਕਿ ਇਹ ਹੱਬਲ ਤੋਂ ਜ਼ਿਆਦਾ ਰੌਸ਼ਨੀ ਇੱਕਠੀ ਕਰ ਸਕਦਾ ਹੈ। ਸੋ ਵੈੱਬ ਦੂਰ ਪਈਆਂ ਧੁੰਦਲੀਆਂ ਅਤੇ ਫਿੱਕੀਆਂ ਚੀਜ਼ਾਂ ਨੂੰ ਸਪੱਸ਼ਟ ਦੇਖ ਸਕੇਗੀ ਜੋ ਹੱਬਲ ਨਾਲ ਸੰਭਵ ਨਹੀਂ ਸੀ। 18 ਸ਼ਟਕੋਣ ਭਾਗਾਂ ਵਾਲਾਂ ਵੈੱਬ ਦਾ ਸ਼ੀਸ਼ਾ ਬੇਰਿੱਲਿਅਮ ਦਾ ਬਣਿਆ ਹੋਇਆ ਹੈ ਅਤੇ ਇਸ ਦੀ ਚਮਕ ਤੇ ਸਮਾਨਤਾ ਵਧਾਉਣ ਲਈ ਸੋਨੇ ਦੀ ਪਰਤ ਚੜ੍ਹਾਈ ਹੋਈ ਹੈ। ਪੁਲਾੜ ਵਿੱਚ ਜਾਣ 'ਤੇ ਇਹ ਸ਼ੀਸ਼ਾ ਬਹੁਤ ਘੱਟ ਤਾਪਮਾਨ 'ਤੇ ਸੀ ਜਦੋ ਕਿ ਧਰਤੀ ਤੋਂ ਦਾਗੇ ਜਾਣ ਸਮੇਂ ਇਹ ਆਮ ਤਾਪਮਾਨ ਤੇ ਹੋਵੇਗਾ। ਇਸ ਕਰਕੇ ਇਸ ਦਾ ਆਕਾਰ ਥੋੜਾ ਸੁੰਗੜ ਜਾਵੇਗਾ ਅਤੇ ਪ੍ਰੋਫਾਈਲ ਵੀ ਵਿਗੜ ਜਾਵੇਗਾ। ਵਿਗਿਆਨੀਆਂ ਨੇ ਇਸ ਨੂੰ ਇਸ ਤਰੀਕੇ ਨਾਲ ਬਣਾਇਆ ਹੈ ਕਿ ਇਹ ਸੁੰਗੜ ਕੇ ਹੀ ਆਪਣੇ ਸਹੀ ਪ੍ਰੋਫਾਈਲ ਵਿੱਚ ਆਵੇ। ਇਸ ਵਾਸਤੇ ਗੋਰਡਨ ਪੁਲਾੜ ਕੇਂਦਰ ਵਿੱਚ ਦੂਰਬੀਨ ਤੇ ਕਈ ਪ੍ਰਜੋਗ ਕੀਤੇ ਗਏ ਅਤੇ ਅੰਤਿਮ ਪ੍ਰੋਫਾਈਲ ਤੇ ਪਹੁੰਚੀਆ ਗਿਆ। ਬਹੁਤ ਵੱਡਾ ਆਕਾਰ ਹੋਣ ਕਰਕੇ ਇਸ ਨੂੰ ਕਾਗਜ਼ ਵਾਂਗ ਤਹਿ ਕਰਕੇ ਰਾਕੇਟ ਵਿੱਚ ਰੱਖਿਆ ਗਿਆ ਹੈ ਜਾਵੇਗਾ ਅਤੇ ਪੁਲਾੜ ਵਿੱਚ ਜਾਣ ਤੋਂ ਬਾਆਦ ਖੋਲਿਆ ਜਾਵੇਗਾ। ਦੂਰਬੀਨ ਦੀਆਂ 126 ਮੋਟਰਾਂ ਇਹਨਾਂ ਭਾਗਾਂ ਨੂੰ ਆਪਣੇ ਸਹੀ ਸਥਾਨ ਤੇ ਰੱਖਣ ਲਈ ਅਤੇ ਲੋੜ ਪੈਣ ਤੇ ਥੋੜ੍ਹੇ ਬਹੁਤ ਬਦਲਾਵ ਕਰਨ ਲਈ ਵਰਤੀਆਂ ਜਾਣਗੀਆਂ ।

ਵੈੱਬ ਦੂਰਬੀਨ ਦੇ ਮੁੱਖ ਉਦੇਸ਼ ਬਿਗ ਬੈਂਗ ਤੋਂ ਬਾਅਦ ਬਣੇ ਪਹਿਲੇ ਤਾਰਿਆਂ ਅਤੇ ਆਕਾਸ਼ ਗੰਗਾਵਾਂ ਨੂੰ ਦੇਖਣਾ, ਆਕਾਸ਼ ਗੰਗਾਵਾਂ ਦੇ ਬਣਨ ਅਤੇ ਵਿਕਾਸ ਦੀ ਪ੍ਰਕਿਰਿਆ ਦਾ ਅਧਿਐਨ ਕਰਨਾ ਹੈ। ਇਹ ਕੰਮ ਇਨਫਰਾ-ਰੈੱਡ ਰੌਸ਼ਨੀ ਨਾਲ ਜ਼ਿਆਦਾ ਵਧੀਆ ਤਰੀਕੇ ਨਾਲ ਹੋ ਸਕਦਾ ਹੈ। ਇਸੇ ਲਈ ਵੈੱਬ ਬ੍ਰਹਿਮੰਡ ਨੂੰ ਘੋਖਣ ਲਈ ਮੁੱਖ ਤੌਰ ਤੇ ਇਨਫਰਾ-ਰੈੱਡ ਸਪੈੱਕਟ੍ਰਮ ( 0.6 – 28 ਮਾਇਕ੍ਰੋਮੀਟਰ ) ਦੀ ਵਰਤੋ ਕਰੇਗੀ ਜਦੋਂ ਕਿ ਹੱਬਲ ਮੁੱਖ ਤੌਰ 'ਤੇ ਦ੍ਰਿਸ਼ਮਾਨ ਅਤੇ ਪਰਾਬੈਂਗਣੀ ਸਪੈੱਕਟ੍ਰਮ ਦੀ ਵਰਤੋਂ ਕਰਦੀ ਹੈ। ਵੈੱਬ ਵਿੱਚ ਨਜ਼ਦੀਕ ਇਨਫਰਾ-ਰੈੱਡ ਅਤੇ ਮੱਧ ਇਨਫਰਾ-ਰੈੱਡ ਸਪੈੱਕਟ੍ਰਮ ਦੇ ਕੈਮਰੇ ਅਤੇ ਸਪੈੱਕਟ੍ਰੋਮੀਟਰ ਲਗੇ ਹੋਏ ਹਨ। ਬ੍ਰਹਿਮੰਡ ਦੇ ਫੈਲਾਓ ਕਰਕੇ ਮੁੱਢਲੇ ਤਾਰਿਆਂ ਅਤੇ ਆਕਾਸ਼ ਗੰਗਾਵਾਂ ਤੋਂ ਆਉਣ ਵਾਲੀ ਰੌਸ਼ਨੀ, ਜੋ ਕਿ ਪਰਾਬੈਂਗਣੀ ਅਤੇ ਦ੍ਰਿਸ਼ਮਾਨ ਸਪੈੱਕਟ੍ਰਮ ਵਿੱਚ ਪੈਦਾ ਹੁੰਦੀ ਹੈ, ਰੈੱਡ ਸ਼ਿਫਟ ਹੋ ਕੇ ਇਨਫਰਾ-ਰੈੱਡ ਵਿੱਚ ਬਦਲ ਜਾਂਦੀ ਹੈ। ਆਪਣੀ ਇਨਫਰਾ-ਰੈੱਡ ਕਾਬਲੀਅਤ ਕਰਕੇ ਵੈੱਬ ਮੁੱਢਲੀਆਂ ਅਕਾਸ਼ ਗੰਗਾਵਾਂ ਅਤੇ ਤਾਰਿਆਂ ਨੂੰ ਪੈਦਾ ਹੁੰਦੇ, ਵਿਕਸਤ ਹੁੰਦੇ ਅਤੇ ਇੱਕ ਦੂਜੇ ਵਿੱਚ ਮਿਲਦੇ ਹੋਏ ਦੇਖਣ ਦੇ ਕਾਬਲ ਹੈ।



ਦੂਰ ਸਥਿਤ ਅਕਾਸ਼ ਗੰਗਾਵਾਂ ਅਤੇ ਖਾਸ ਕਰਕੇ ਇਨ੍ਹਾਂ ਦੇ ਕੇਂਦਰ ਧੂੜ ਦੇ ਕਣਾਂ ਦੇ ਪਿੱਛੇ ਲੁਕੇ ਹੁੰਦੇ ਹਨ। ਇਨਫਰਾ-ਰੈੱਡ ਕਿਰਨਾਂ ਧੂੜ ਨੂੰ ਚੀਰ ਕੇ ਬਾਹਰ ਆਉਣ ਵਿੱਚ ਸਮਰੱਥ ਹਨ। ਇਸ ਕਰਕੇ ਇਨਫਰਾ-ਰੈੱਡ ਕਿਰਨਾਂ ਵਰਤ ਕੇ ਹੀ ਅਸੀਂ ਇਨ੍ਹਾਂ ਅਕਾਸ਼ ਗੰਗਾਵਾਂ ਨੂੰ ਦੇਖ ਸਕਦੇ ਹਾਂ।

ਆਪਣੇ ਸੌਰ ਮੰਡਲ ਵਿੱਚ ਝਾਤੀ ਮਾਰੀਏ ਤਾਂ ਇਸ ਦੀ

ਕਾਈਪਰ ਪੱਟੀ ਦੀਆਂ ਵਸਤਾਂ, ਜੋ ਕਿ ਸੂਰਜ ਤੋਂ ਬਹੁਤ ਦੂਰ ਹੋਣ ਕਰਕੇ ਦਿਖਾਈ ਨਹੀਂ ਦਿੰਦੀਆਂ, ਵੀ ਇਨਫਰਾ-ਰੈੱਡ ਕਿਰਨਾਂ ਛੱਡਦੀਆਂ ਹਨ। ਵੈੱਬ ਦੇ ਨਾਲ ਇਨ੍ਹਾਂ ਦਾ ਵੀ ਬਾਰੀਕੀ ਨਾਲ ਅਧਿਐਨ ਕੀਤਾ ਜਾ ਸਕੇਗਾ। ਧਰਤੀ 'ਤੇ ਲਾਈਆਂ ਗਈਆਂ ਇਨਫਰਾ-ਰੈੱਡ ਦੂਰਬੀਨਾਂ ਨਾਲ ਆਕਾਸ਼ ਨੂੰ ਵਾਚਣਾ ਬਹੁਤ ਔਖਾ ਹੈ ਕਿਉਂਕਿ ਧਰਤੀ ਦੇ ਵਾਯੂਮੰਡਲ ਵਿੱਚ ਮੌਜੂਦ ਪਾਣੀ, ਕਾਰਬਨ-ਡਾਈਆਕਸਾਈਡ, ਮੀਥੇਨ ਇਨਫਰਾ-ਰੈੱਡ ਕਿਰਨਾਂ ਨੂੰ ਸੋਖ ਲੈਂਦੇ ਹਨ। ਇਨਫਰਾ-ਰੈੱਡ ਦੂਰਬੀਨ ਦੀ ਇੱਕ ਹੋਰ ਦਿਕਤ ਹੈ। ਆਮ ਤਾਪਮਾਨ 'ਤੇ ਰੱਖੀ ਕੋਈ ਵੀ ਚੀਜ, ਇੱਥੋਂ ਤੱਕ ਕਿ ਦੂਰਬੀਨ ਖੁਦ ਵੀ ਇਨਫਰਾ-ਰੈੱਡ ਕਿਰਨਾਂ ਛੱਡਦੀ ਹੈ। ਇਹ ਕਿਰਨਾਂ ਦੂਰਬੀਨ ਨੂੰ ਅੰਨ੍ਹੀ ਕਰ ਦੇਣਗੀਆਂ ਅਤੇ ਦੂਰਬੀਨ ਕੁੱਝ ਵੀ ਦੇਖ ਨਹੀਂ ਸਕੇਗੀ। ਇਸ ਤੋ ਬਚਾਅ ਲਈ ਵੈੱਬ ਦੂਰਬੀਨ ਦਾ ਤਾਪਮਾਨ 25 ਕੈਲਵਿਨ (-248 ਡਿਗਰੀ ਸੈਂਟੀਗ੍ਰੇਡ ) ਦੇ ਆਸਪਾਸ ਰੱਖਿਆ ਜਾਵੇਗਾ। ਸੂਰਜ, ਧਰਤੀ ਅਤੇ ਚੰਦਰਮਾ ਤੋਂ ਆਉਣ ਵਾਲੀ ਗਰਮੀ ਤੋਂ ਬਚਣ ਲਈ ਵੈੱਬ 'ਤੇ 22 x 12 ਮੀਟਰ ਦੀ ਇੱਕ ਤਾਪ ਰੋਧੀ ਢਾਲ ਵਰਤੀ ਗਈ ਹੈ।

ਵੈੱਬ ਧਰਤੀ ਤੋਂ ਲਗਪਗ 16 ਲੱਖ ਕਿਲੋਮੀਟਰ ਦੂਰ ਸੂਰਜ ਦੁਆਲੇ ਚੱਕਰ ਲਾ ਰਹੀ ਹੈ। ਹੱਬਲ ਧਰਤੀ ਤੋਂ 570 ਕਿਲੋਮੀਟਰ ਦੀ ਦੂਰੀ ਤੇ ਧਰਤੀ ਦੁਆਲੇ ਚੱਕਰ ਲਾਉਂਦੀ ਹੈ। ਵੈੱਬ, ਸੂਰਜ ਦੁਆਲੇ ਚੱਕਰ ਕੱਟਣ ਲਈ ਧਰਤੀ ਜਿੰਨ੍ਹਾਂ ਹੀ ਸਮਾਂ ਲੈਂਦੀ ਹੈ, ਸੋ ਇਹ ਧਰਤੀ ਦੇ ਸਬੰਧ ਵਿੱਚ ਹਮੇਸ਼ਾਂ ਸਥਿਰ ਰਹਿੰਦੀ ਹੈ। ਸੂਰਜ, ਧਰਤੀ ਅਤੇ ਚੰਨ ਇਸ ਦੇ ਇਕੋ ਪਾਸੇ ਹਨ ਅਤੇ ਇਸ ਦੀ ਗਰਮੀ ਨੂੰ ਤਾਪਰੋਧੀ ਢਾਲ ਰੋਕੀ ਰਖਦੀ ਹੈ। ਇਸ ਤਰਾਂ ਨਾਲ ਦੂਰਬੀਨ ਦਾ ਤਾਪਮਾਨ ਸਥਿਰ ਅਤੇ ਕਾਬੂ ਹੇਠ ਰਹਿੰਦਾ ਹੈ। ਪਰ ਏਨੀ ਦੂਰ ਹੋਣ ਕਰਕੇ ਇਸ ਤੇ ਹੱਬਲ ਵਾਂਗ ਕੋਈ ਮੁਰੰਮਤ ਨਹੀਂ ਕੀਤੀ ਜਾ ਸਕੇਗੀ। ਇਸ ਨੂੰ ਆਪਣੀ ਸਥਿਤੀ 'ਤੇ ਬਣਾਈ ਰੱਖਣ ਲਈ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਇਸ ਵਿੱਚ ਭਰੇ ਬਾਲਣ ਦੀ ਵਰਤੋਂ ਵੀ ਕਰਨੀ ਪਏਗੀ। ਇਹੀ ਬਾਲਣ ਇਸ ਦੀ ਉਮਰ ਨਿਰਧਾਰਤ ਕਰੇਗਾ। ਬਾਲਣ ਖਤਮ ਹੋਣ 'ਤੇ ਇਹ ਦੂਰਬੀਨ ਅਪਣੇ ਪੰਥ ਤੋਂ ਭਟਕ ਜਾਵੇਗੀ। ਵੈੱਬ ਦਾ ਜੀਵਨ ਕਾਲ ਵਿਗਿਆਨੀਆਂ ਵੱਲੋਂ 10 ਸਾਲ ਅਨੁਮਾਨਿਆ ਗਿਆ ਹੈ।

ਇਹ ਦੂਰਬੀਨ ਭੂਤਕਾਲ ਵਿੱਚ ਕਿੰਨਾ ਸਮਾਂ ਪਿੱਛੇ ਦੇਖ ਸਕਦੀ ਹੈ? ਪੜ੍ਹਣ ਨੂੰ ਗੱਲ ਅਜੀਬ ਲੱਗ ਸਕਦੀ ਹੈ ਪਰ ਕਿਉਂਕਿ ਦੂਰ ਦੁਰਾਡੇ ਤੋਂ ਪ੍ਰਕਾਸ਼ ਨੂੰ ਸਾਡੇ ਤੱਕ ਪਹੁੰਚਣ ਲਈ ਸਮਾਂ ਲਗਦਾ ਹੈ, ਜਿਨ੍ਹਾਂ ਦੂਰ ਅਸੀਂ ਵੇਖਦੇ ਹਾਂ ਉਨ੍ਹਾਂ ਹੀ ਸਮੇ ਵਿੱਚ ਪਿੱਛੇ ਵੇਖਦੇ ਹਾਂ। ਸਾਡਾ ਬ੍ਰਹਿਮੰਡ 13.7 ਅਰਬ ਸਾਲ ਪੁਰਾਣਾ ਹੈ। ਹੱਬਲ ਲਗਭਗ 12.7 ਅਰਬ ਸਾਲ ਪਿੱਛੇ ਤੱਕ ਵੇਖ ਸਕਦੀ ਹੈ। ਉਸ ਸਮੇਂ ਅਕਾਸ਼ ਗੰਗਾਵਾਂ ਆਪਣੇ ਬਚਪਨ ਵਿੱਚ ਸਨ। ਪਰ ਆਪਣੀ ਇਨਫਰਾ-ਰੈੱਡ ਕਾਬਲੀਅਤ ਅਤੇ ਵੱਡੇ ਅਕਾਰ ਕਰਕੇ ਵੈੱਬ ਦੂਰਬੀਨ 13.4 ਅਰਬ ਸਾਲ ਤੱਕ ਪਿੱਛੇ ਵੇਖ ਸਕੇਗੀ। ਇਹ ਉਹ ਸਮਾਂ ਹੈ ਜਦੋਂ ਅਕਾਸ਼ ਗੰਗਾਵਾਂ ਪੈਦਾ ਹੀ ਹੋਈਆਂ ਸਨ ਜਾਂ ਹੋ ਰਹੀਆਂ ਸਨ। ਇਹ ਸਾਡੀ ਬ੍ਰਹਿਮੰਡ ਬਾਰੇ ਸਮਝ ਨੂੰ ਬਹੁਤ ਅੱਗੇ ਤੱਕ ਲੈ ਕੇ ਜਾਵੇਗੀ।

ਇਸ ਤੋਂ ਇਲਾਵਾ ਵਿਗਿਆਨੀ ਮੁੱਢਲੇ ਬ੍ਰਹਿਮੰਡ ਦੇ ਉਸ ਵਰਤਾਰੇ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਨਗੇ ਜਿਸ ਕਰਕੇ ਸ਼ੁਰੂਆਤੀ ਚਾਰਜਰਹਿਤ ਗੈਸ ਨਾਲ ਭਰਿਆ ਅਪਾਰਦਰਸ਼ੀ ਬ੍ਰਹਿਮੰਡ ਆਇਓਨਈਜ਼ ਹੋ ਕੇ ਪਾਰਦਰਸ਼ੀ ਹੋ ਗਿਆ। ਡਾਰਕ ਮਾਦੇ ਦੀ ਉਤਪਤੀ ਬਾਰੇ ਵੀ ਵੈੱਬ ਦੁਆਰਾ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਹੱਬਲ ਵਾਂਗ ਵੈੱਬ ਦੂਰਬੀਨ ਦੀ ਵਰਤੋਂ ਕਰਨ ਲਈ ਕੋਈ ਵੀ ਅਰਜ਼ੀ ਦੇ ਸਕੇਗਾ। ਹਰੇਕ ਸਾਲ ਇਹ ਅਰਜ਼ੀਆਂ ਖਗੋਲ ਵਿਗਿਆਨਿਆ ਦੀ ਇੱਕ ਕਮੇਟੀ ਵਿਚਾਰੇਗੀ ਅਤੇ ਚੁਣੇ ਗਏ ਲੋਕ ਇਸ ਦੀ ਵਰਤੋ ਕਰ ਸਕਣਗੇ। ਇਸ ਤੋਂ ਇਲਾਵਾ ਵੈੱਬ ਨੂੰ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਵਿਗਿਆਨੀਆਂ ਨੂੰ ਅਲੱਗ ਤੋਂ ਰੱਖਿਅਤ ਸਮਾਂ ਖਾਸ ਤੌਰ ਤੇ ਦਿੱਤਾ ਜਾਵੇਗਾ।

ਇਸ ਦੂਰਬੀਨ ਦਾ ਪ੍ਰਾਜੈਕਟ 1996 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਹ 10 ਅਰਬ ਡਾਲਰ ਦੀ ਲਾਗਤ ਨਾਲ 2016 ਵਿੱਚ ਬਣ ਕੇ ਤਿਆਰ ਹੋਇਆ। ਉਸ ਤੋਂ ਬਾਅਦ ਇਸ ਦੇ ਪਰੀਖਣ ਸ਼ੁਰੂ ਹੋਏ। ਇਸ ਦੇ ਏਨੇ ਜ਼ਿਆਦਾ ਵੱਧ ਬਜਟ ਕਰਕੇ ਇਸ ਨੂੰ ਕਈ ਵਿਗਿਆਨੀਆਂ ਦੀ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ। ਆਪਣੀ ਵਧੀ ਕਾਬਲੀਅਤ ਅਤੇ ਆਕਾਰ ਨਾਲ ਇਹ ਦੂਰਬੀਨ ਸਾਨੂੰ ਸਮੇਂ ਦੇ ਸ਼ੁਰੂਆਤੀ ਦੌਰ ਨੂੰ ਹੋਰ ਨੇੜੇ ਤੋਂ ਤੱਕਣ ਦੇ ਯੋਗ ਬਣਾਏਗੀ। ਇਹ ਹੱਬਲ ਦੁਆਰਾ ਕੀਤੇ ਕੰਮ ਨੂੰ ਅੱਗੇ ਵਧਾਏਗੀ ਅਤੇ ਸਾਡੀ ਬ੍ਰਹਿਮੰਡ ਬਾਰੇ ਜਾਣਕਾਰੀ ਵਿੱਚ ਹੋਰ ਵਾਧਾ ਕਰੇਗੀ।

❊ ❊ ❊ ❊ ❊

........continued from page 28

1019. **S. Balbir Singh**
# BE54A, Hari Nagar, New Delhi 64

1020. **Sh. Sham Sunder**
Naya Nangal

1021. **S. Himmat Singh**
# 2845, Phase 7, Mohali

1022. **S. Jasvir Singh Saini**
# 113, Beant Singh Aman Nagar, Ropar

1023. **Sh. Ram Dayal**
Vill. Sarthali, Distt. Ropar

1024. **S. Balwinder Singh Nanuan**
Makbara Road, Ropar

1025. **S. Rajvir Singh** **1000/-**
VPO Fatehpur Dosarka, Hoshiarpur

# ਵਗਦੇ ਪਾਣੀਆਂ ਜਿਹੀ ਹੋਵੇ ਜ਼ਿੰਦਗੀ

ਗੁਰਬਿੰਦਰ ਸਿੰਘ ਮਾਣਕ
ਪਿੰਡ ਖਰਲ ਕਲਾਂ (ਜਲੰਧਰ)



ਵਗਦੇ ਪਾਣੀਆਂ ਦੀ ਨਿਰਮਲ ਧਾਰਾ ਦਿਲ ਨੂੰ ਮੋਹ ਲੈਣ ਵਾਲੀ ਅਪਾਰ ਸੁੰਦਰਤਾ ਤੇ ਰਵਾਨੀ ਮਨਾਂ ਨੂੰ ਇਸ ਕਦਰ ਸਰਸ਼ਾਰ ਕਰਦੀ ਹੈ ਕਿ ਕੁਦਰਤ ਦੀ ਇਸ ਅਨਮੁੱਲੀ ਦੇਣ ਅੱਗੇ ਸਿਜਦਾ ਕਰਨ ਨੂੰ ਮਨ ਕਰਦਾ ਹੈ। ਝੀਲਾਂ, ਨਦੀਆਂ, ਮਹਾਂਸਾਗਰਾਂ ਵਿੱਚ ਉੱਠਦੀਆਂ ਪਾਣੀ ਦੀਆਂ ਲਹਿਰਾਂ ਨਾਲ ਅਦਭੁੱਤ ਸੁਰ-ਸੰਗੀਤ ਨਾਲ ਮਨ ਨੂੰ ਜਿਹੜਾ ਖੇੜਾ ਮਿਲਦਾ ਹੈ ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਧਰਤੀ 'ਤੇ ਵਸੇ ਪ੍ਰਾਣੀਆਂ, ਪਸ਼ੂਆਂ, ਪਰਿੰਦਿਆਂ, ਅਸੰਖਾਂ ਜੀਵ-ਜੰਤੂਆਂ, ਝੂਮਦੀਆਂ ਫ਼ਸਲਾਂ ਤੇ ਬਿਰਖ-ਬੂਟਿਆਂ ਵਿੱਚ ਪਾਣੀ ਦੀ ਬਦੌਲਤ ਹੀ ਜ਼ਿੰਦਗੀ ਧੜਕਦੀ ਹੈ। ਪਾਣੀ ਦੀਆਂ ਬੂੰਦਾਂ ਵਿੱਚ ਜੀਵਨ ਦੀ ਨਿਰੰਤਰ ਚੱਲਦੀ ਤੋਰ ਛਿਪੀ ਹੋਈ ਹੈ। ਸਦੀਆਂ ਪਹਿਲਾਂ ਵੀ ਇਸ ਧਰਤੀ ਦੇ ਵਾਸੀ ਜ਼ਿੰਦਗੀ ਦੀ ਤੋਰ ਨੂੰ ਚੱਲਦਾ ਰੱਖਣ ਲਈ ਵਗਦੇ ਪਾਣੀਆਂ ਦੇ ਕੰਢਿਆਂ ਸੰਗ ਹੀ ਦੋਸਤੀਆਂ ਗੰਢਦੇ ਆਏ ਹਨ।

ਇਹ ਪਾਣੀ ਕੇਵਲ ਉਸ ਦੀ ਪਿਆਸ ਹੀ ਨਹੀਂ ਬੁਝਾਉਂਦੇ ਸਨ, ਸਗੋਂ ਇਨ੍ਹਾਂ ਦਾ ਨਿਰੰਤਰ ਪ੍ਰਵਾਹ ਮਨੁੱਖ ਨੂੰ ਅਗੇਰੇ ਵਧਣ ਲਈ ਵੀ ਪ੍ਰੇਰਿਤ ਕਰਦਾ ਸੀ। ਵਗਦਾ ਪਾਣੀ ਧਰਤੀ ਉੱਤੇ ਜੀਵਨ ਦੀ ਧਾਰਾ ਨੂੰ ਨਿਰੰਤਰ ਵਗਦੇ ਰੱਖਣ ਦਾ ਪ੍ਰਤੀਕ ਹੈ। ਜਿਨ੍ਹਾਂ ਨੇ ਫ਼ਸਲਾਂ ਨੂੰ ਸਿੰਜਦਿਆਂ, ਆੜ ਵਿੱਚ ਵਗਦਾ ਪਾਣੀ ਤੱਕਿਆ ਹੈ, ਉਹ ਜਾਣਦੇ ਹਨ ਕਿ ਕਿਵੇਂ ਇਹ ਜਲਧਾਰਾ ਫ਼ਸਲਾਂ ਲਈ ਜੀਵਨ-ਦਾਨ ਬਣਦੀ ਹੈ। ਫ਼ਸਲਾਂ ਬੂਟਿਆਂ ਦੀ ਟਹਿਕ ਤੋਂ ਪਤਾ ਲੱਗ ਜਾਂਦਾ ਹੈ ਕਿ ਪਾਣੀ ਕਿਵੇਂ ਧਰਤੀ ਨੂੰ ਸਰਸਬਜ਼ ਕਰਦਾ, ਜੀਵਨ ਨੂੰ ਸੁਹਾਵਣਾ ਬਣਾਉਂਦਾ ਮਾਲੋਮਾਲ ਕਰ ਦਿੰਦਾ ਹੈ।

ਵਗਦੇ ਪਾਣੀ ਤਾਂ ਕੁਦਰਤ ਨਲੋਂ ਲਿਖੀ ਸੁਹਜਮਈ ਕਵਿਤਾ ਦੀ ਨਿਆਈ ਹਨ। ਜਿਵੇਂ ਖੜ੍ਹਾ ਪਾਣੀ ਬੁਸ ਜਾਂਦਾ ਹੈ ਤੇ ਬਦਬੂ ਮਾਰਨ ਲਗਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਜੇ ਜ਼ਿੰਦਗੀ ਰੂਪੀ ਵਗਦੇ ਪਾਣੀਆਂ ਵਿੱਚ ਵੀ ਕੋਈ ਹਲਚਲ ਨਾ ਰਹੇ ਤਾਂ ਇਹ ਵੀ ਬੁੱਸੇ ਤੇ ਗੰਦਗੀ ਭਰੇ ਪਾਣੀਆਂ ਵਰਗੀ ਹੋ ਜਾਂਦੀ ਹੈ। ਕਿਸੇ ਸੁਪਨੇ, ਸਰਗਰਮੀ, ਉੱਦਮ, ਸ਼ੌਕ ਤੇ ਸਾਰਥਿਕ ਕਾਰਜ ਤੋਂ ਬਿਨਾਂ ਜੀਵੀ ਜਾ ਰਹੀ ਜ਼ਿੰਦਗੀ ਛੱਪੜ ਦੇ ਗੰਧਲੇ ਪਾਣੀਆਂ ਜਿਹੀ ਹੀ ਤਾਂ ਹੁੰਦੀ ਹੈ। ਮਨੁੱਖ ਇਸ ਧਰਤੀ 'ਤੇ ਕੇਵਲ ਖਾਣ-ਪੀਣ, ਸੌਣ, ਐਸ਼ਪ੍ਰਸਤੀ ਤੇ ਨਿਰਾਰਥਕ ਕਾਰਜਾਂ ਵਿੱਚ ਸਮਾਂ ਗੁਆਉਣ ਨਹੀਂ ਆਇਆ। ਆਪਣੇ ਮਨ ਦੀਆਂ ਅਮੋੜ ਇੱਛਾਵਾਂ ਤੇ ਖੁਸ਼ੀ ਬਾਰੇ ਹੀ ਸੋਚੀ ਜਾਣਾ ਤੇ ਉਨ੍ਹਾਂ ਨੂੰ ਹਰ ਹੀਲੇ ਪੂਰਾ ਕਰਨ ਦੀ ਲਾਲਸਾ ਵਿੱਚ ਭਟਕਦੇ ਰਹਿਣਾ ਹੀ ਜੀਵਨ ਨਹੀਂ ਹੈ। ਮਨੁੱਖ ਧਰਤੀ ਉੱਤੇ ਖਾਣ ਤੇ ਜੀਵਨ ਦੇ ਦਿਨ ਕੱਟਣ ਹੀ ਨਹੀਂ ਆਉਂਦਾ। ਇਹ ਜ਼ਿੰਦਗੀ ਮਾਣਨਯੋਗ, ਅਰਥਭਰਪੂਰ ਤੇ ਸਾਰਥਿਕ ਤਾਂ ਹੀ ਬਣਦੀ ਹੈ, ਜੇ ਮਨੁੱਖ ਆਪਣੀ ਸੂਝ ਤੇ ਆਪਣੇ ਅੰਦਰਲੇ ਹੁਨਰ ਦੀ ਥਾਹ ਪਾ ਕੇ ਕਿਸੇ ਸਰਗਰਮੀ ਦੇ ਰਾਹ ਤੁਰਿਆ ਰਹੇ। ਕੇਵਲ ਆਪਣੇ ਸੁਆਦਾਂ ਤੇ ਸੁੱਖਆਰਾਮ ਦੇ ਗੁਲਾਮ ਹੋ ਕੇ ਸਮਾਜ ਵਲੋਂ ਅੱਖਾਂ ਬੰਦ ਕਰੀ ਰੱਖਣੀਆਂ ਜ਼ਿੰਦਗੀ ਦਾ ਉਦੇਸ਼ ਤੇ ਮਕਸਦ ਨਹੀਂ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਜੇ ਸਮਾਜ ਕੋਲੋਂ ਬਹੁਤ ਕੁੱਝ ਪ੍ਰਾਪਤ ਕਰਦਾ ਹੈ ਤਾਂ ਸਮਾਜ ਪ੍ਰਤੀ ਉਸ ਦੀ ਕੁੱਝ ਜ਼ਿੰਮੇਵਾਰੀ ਵੀ ਹੈ।

ਸਮਾਜ ਵਿੱਚ ਕਈ ਤਰ੍ਹਾਂ ਦੇ ਲੋਕ ਹਨ। ਕੁੱਝ ਸਿਰਫ਼ ਆਪਣੇ ਲਈ ਹੀ ਜਿਉਂਦੇ ਹਨ। ਖਾਓ-ਪੀਓ ਐਸ਼ ਕਰੋ ਵਰਗੀਆਂ ਅਟਪਟੀਆਂ ਗੱਲਾਂ ਸ਼ਾਇਦ ਅਜਿਹੇ ਲੋਕਾਂ ਦੀ ਜ਼ੁਬਾਨ ਵਿੱਚੋਂ ਹੀ ਨਿਕਲਦੀਆਂ ਹਨ। ਕੁੱਝ ਲੋਕ ਆਪਣੇ ਪਰਿਵਾਰ ਤੱਕ ਹੀ ਸੀਮਿਤ ਹਨ। ਆਲੇ-ਦੁਆਲੇ ਵਿੱਚ ਜੋ ਮਰਜ਼ੀ ਵਾਪਰਦਾ ਰਹੇ ਉਸ 'ਸਾਨੂੰ ਕੀ' ਦੀ ਮੁਹਾਰਨੀ ਰਟਦੇ ਰਹਿੰਦੇ ਹਨ। ਠੇਠ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਹਰ ਗੱਲ ਵਿੱਚ ਆਪਣਾ ਹੀ ਉੱਲੂ ਸਿੱਧਾ ਰੱਖਣ ਦੀ ਮਾਨਸਿਕਤਾ ਨਾਲ ਵਿਚਰਦੇ ਹਨ। ਅਜਿਹੇ ਲੋਕਾਂ ਦੀ ਜੀਵਨ ਵਿੱਚ ਸਰਗਰਮੀ ਕੇਵਲ ਆਪਣੇ ਹਿਤ ਜਾਂ ਸਵਾਰਥ ਲਈ ਹੀ ਹੁੰਦੀ ਹੈ। ਸਮਾਜ ਵਿੱਚ ਚੰਗਾ-ਮਾੜਾ ਜੋ ਵੀ ਵਾਪਰੀ ਜਾਵੇ ਅਜਿਹੇ ਲੋਕਾਂ ਦੇ ਮਨ ਵਿੱਚ ਕੁੱਝ ਨਹੀਂ ਵਾਪਰਦਾ।



ਕੁੱਝ ਗਿਣਤੀ ਅਜਿਹੇ ਸੁਹਿਰਦ ਇਨਸਾਨਾਂ ਦੀ ਵੀ ਹੈ, ਜਿਹੜੇ ਆਪਣੇ ਲਈ ਨਹੀ, ਸਗੋਂ ਦੂਜਿਆਂ ਲਈ ਜਿਉਂਦੇ ਹਨ। ਉਨ੍ਹਾਂ ਲਈ ਜੀਵਨ ਦਾ ਮਕਸਦ ਹਰ ਹੀਲੇ ਮਾਨਵਤਾ ਦੀ ਸੇਵਾ ਦੇ ਰਾਹ ਤੁਰਨਾ ਹੀ ਹੁੰਦਾ ਹੈ। ਉਹ ਹਮੇਸ਼ਾਂ ਕੁੱਝ ਅਜਿਹਾ ਕਰਨਾ ਲੋਚਦੇ ਹਨ, ਜਿਸ ਨਾਲ ਦੂਜਿਆਂ ਦਾ ਭਲਾ ਹੁੰਦਾ ਹੋਵੇ। ਕਿੰਨੀ ਉੱਚੀ ਤੇ ਸੁੱਚੀ ਹੈ ਖ਼ੂਨਦਾਨ ਦੀ ਭਾਵਨਾ। ਕਿਸੇ ਇਨਸਾਨ ਵਿੱਚ ਜੀਵਨ-ਰੌਅ ਵਜੋਂ ਵਹਿੰਦੇ ਖ਼ੂਨ ਦੀ ਜੇ ਕਮੀ ਆ ਜਾਵੇ ਤਾਂ ਜਾਨ ਨੂੰ ਖ਼ਤਰਾ ਬਣ ਜਾਂਦਾ ਹੈ। ਮਨੁੱਖੀ ਖ਼ੂਨ ਦਾ ਅਜੇ ਤੱਕ ਕੋਈ ਬਦਲ ਨਹੀਂ ਹੈ। ਇਸ ਲਈ ਕਿਸੇ ਹਾਦਸੇ ਸਮੇਂ, ਕਿਸੇ ਬਿਮਾਰੀ ਸਮੇਂ, ਕਿਸੇ ਜਾਗਰੂਕ ਮਨੁੱਖ ਵਲੋਂ ਦਿੱਤਾ ਖ਼ੂਨ ਪੀੜਤ ਲਈ ਜੀਵਨ-ਦਾਨ ਬਣ ਜਾਂਦਾ ਹੈ। ਅਜਿਹੇ ਲੋਕ ਸਮਾਜ ਲਈ ਚਾਨਣ-ਮੁਨਾਰਾ ਹਨ, ਜਿਨ੍ਹਾਂ ਨੇ ਮਾਨਵਤਾ ਲਈ ਕੁੱਝ ਕਰ ਕੇ ਜੀਵਨ ਦਾ ਮਕਸਦ ਸਮਝਿਆ।

ਕਿਸੇ ਸਰਗਰਮੀ, ਕਿਸੇ ਮਕਸਦ ਤੋਂ ਬਿਨਾਂ ਹੀ ਜੀਵਨ ਗੁਜ਼ਾਰੀ ਜਾਣਾ ਨਿਰੰਤਰ ਵਗਦੀ ਜੀਵਨ-ਰੌਅ ਨੂੰ ਬੰਨ੍ਹ ਮਾਰਨ ਸਾਮਾਨ ਹੈ। ਜੇ ਤੁਹਾਡੀ ਗਲੀ ਵਿੱਚ ਕੂੜਾ ਖਿਲਰਿਆ ਪਿਆ ਹੈ, ਨਾਲੀਆਂ ਵਿੱਚ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਤੇ ਗੰਦਗੀ ਫੈਲੀ ਹੋਈ ਹੈ, ਜੇ ਪਾਣੀ ਦੀ ਟੂਟੀ ਵਿੱਚੋਂ ਪਾਣੀ ਵਗਦਾ ਹੀ ਰਹਿੰਦਾ ਹੈ ਤੇ ਹਰ ਪਾਸੇ ਚਿੱਕੜ ਹੀ ਚਿੱਕੜ ਹੈ, ਜੇ ਤੁਹਾਡਾ ਕੰਮ ਰਿਸ਼ਵਤ ਤੋਂ ਬਿਨਾਂ ਨਹੀਂ ਹੁੰਦਾ ਤੇ ਤੁਸੀਂ ਚੁੱਪ ਹੋ, ਜੇ ਤੁਹਾਡੇ ਪਿੰਡ/ਮੁਹੱਲੇ/ ਸ਼ਹਿਰ ਵਿੱਚ ਨਸ਼ੇ ਦੇ ਵਪਾਰੀ ਨੌਜਵਾਨਾਂ ਨੂੰ ਬਰਬਾਦ ਕਰਨ ਦੇ ਰਾਹ ਤੁਰੇ ਹੋਏ ਹਨ, ਜੇ ਕੋਈ ਬਿਮਾਰ ਇਲਾਜ ਕਰਾਉਣ ਤੋਂ ਅਸਮਰੱਥ ਹੈ, ਜੇ ਕੋਈ ਆਪਣੇ ਪੜ੍ਹ ਰਹੇ ਬੱਚੇ ਦੀ ਫੀਸ ਦੇਣ ਤੋਂ ਔਖਾ ਹੈ, ਜੇ ਕੋਈ ਮਾਪੇ ਮਾੜੀ ਹਾਲਤ ਕਾਰਨ ਧੀ ਦੇ ਹੱਥ ਪੀਲੇ ਕਰਨ ਤੋਂ ਦੁਖੀ ਹਨ ਤਾਂ ਤੁਹਾਡਾ ਖਾਮੋਸ਼ ਰਹਿਣਾ ਤੇ ਮੂੰਹ ਫੇਰ ਲੈਣਾ ਬੇਹੱਦ ਦੁਖਦਾਈ ਤਾਂ ਹੈ ਹੀ, ਤੁਸੀਂ ਆਪਣੀ ਜ਼ਮੀਰ ਅੱਗੇ ਵੀ ਹੀਣਾ ਮਹਿਸੂਸ ਕਰੋਗੇ।

ਸਾਡੇ ਸਮਾਜ ਦੀਆਂ ਕੁੱਝ ਸਮੱਸਿਆਵਾਂ ਕੇਵਲ ਇਸ ਕਾਰਨ ਹੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿੱਚ ਕੋਈ ਅਜਿਹਾ ਪ੍ਰੇਰਨਾ-ਸਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਕਈ ਸੰਸਥਾਵਾਂ ਰੁੱਖ ਲਾਉਣ ਤੇ ਵਾਤਾਵਰਨ ਦੀ ਸੰਭਾਲ ਲਈ ਲੱਗੀਆਂ ਹੋਈਆਂ ਹਨ। ਉਹ ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਣ, ਪਾਣੀ ਦੀ ਸੰਭਾਲ ਕਰਨ, ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਤੇ ਰੁੱਖਾਂ ਦੀ ਮਹੱਤਤਾ ਸਬੰਧੀ ਨਾ ਕੇਵਲ ਲੋਕਾਈ ਨੂੰ ਚੇਤਨ ਕਰਨ ਦਾ ਕਾਰਜ ਹੀ ਕਰ ਰਹੇ ਹਨ, ਸਗੋਂ ਅਮਲੀ ਰੂਪ ਵਿੱਚ ਬਹੁਤ ਸਾਰਥਿਕ ਕੰਮ ਕਰਕੇ ਸਮਾਜ ਨੂੰ ਵੱਡੀ ਦੇਣ ਦੇ ਰਹੇ ਹਨ। ਇਹੋ ਜਿਹੀਆਂ ਸ਼ਖਸੀਅਤਾਂ ਦੇ ਮਹਾਨ ਕਾਰਜਾਂ ਅੱਗੇ ਸਿਰ ਝੁਕਦਾ ਹੈ। ਜੇ ਸਾਰਾ ਸਮਾਜ ਹੀ ਰੁੱਖਾਂ, ਕੁੱਖਾਂ, ਪਾਣੀ, ਧਰਤੀ ਤੇ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਬਣਦਾ ਯੋਗਦਾਨ ਦੇਣ ਲਗ ਜਾਏ ਤਾਂ ਅਨੇਕਾਂ ਸਮੱਸਿਆਵਾਂ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ।

ਇੱਕੋ ਤੋਰੇ ਤੁਰੀ ਜ਼ਿੰਦਗੀ ਵੀ ਅਕਾਊ ਤੇ ਬੇਸੁਆਦੀ ਹੋ ਜਾਂਦੀ ਹੈ। ਕੇਵਲ ਘਰ ਤੋਂ ਕੰਮ ਤੇ, ਕੰਮ ਤੋਂ ਘਰ ਤੱਕ ਦਾ ਸਫ਼ਰ ਹੀ ਜ਼ਿੰਦਗੀ ਨਹੀਂ ਹੁੰਦਾ। ਇਹ ਦੇ ਵਿੱਚ ਕੁੱਝ ਤਾਜ਼ਗੀ, ਨਵੀਆਂ ਨਰੋਈਆਂ ਸੋਚਾਂ, ਨਵੀਆਂ ਉਮੰਗਾਂ ਤੇ ਮਨ ਨੂੰ ਸਕੂਨ ਦੇਣ ਵਾਲਾ ਕੋਈ ਸਾਰਥਿਕ ਯਤਨ ਹੋਵੇ ਤਾਂ ਜੀਵਨ-ਰੂਪੀ ਗੱਡੀ ਦਾ ਸਫ਼ਰ ਵੀ ਸੁਹਾਵਣਾ ਤੇ ਮੁੱਲਵਾਨ ਲੱਗਣ ਲਗਦਾ ਹੈ। ਆਪਣਾ ਜਿਉਣਾ ਸਾਰਥਿਕ ਲੱਗਣ ਲਗਦਾ ਹੈ। ਨਿੱਕੀਆਂ ਨਿੱਕੀਆਂ ਗੱਲਾਂ ਹੀ ਜ਼ਿੰਦਗੀ ਦੇ ਵਗਦੇ ਪਾਣੀਆਂ ਨੂੰ ਰਵਾਨੀ ਤੇ ਤਾਜ਼ਗੀ ਬਖ਼ਸ਼ ਕੇ ਜੀਵਨ ਦੀ ਤੋਰ ਨੂੰ ਚਾਅ ਭਰਪੂਰ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਅਜਿਹੇ ਕੰਮ ਕਰ ਕੇ ਮਨ ਨੂੰ ਜਿਹੜੀ ਅਪਾਰ ਖੁਸ਼ੀ ਤੇ ਸਕੂਨ ਮਿਲਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਉਸ ਦਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਧਾਰਮਿਕ ਸੰਸਥਾਵਾਂ ਕੋਲ ਸ਼ਰਧਾਵਾਨਾਂ ਵਲੋਂ ਦਿੱਤੀ ਬੇਅੰਤ ਮਾਇਆ ਹੈ। ਆਪਣੀ ਕਮਾਈ ਵਿੱਚੋਂ ਦਾਨ ਦੀ ਦਿਸ਼ਾ ਬਦਲ ਕੇ ਜੇ ਲੋੜਵੰਦਾਂ ਦੇ ਦੁੱਖਾਂ-ਦਰਦਾਂ ਨੂੰ ਘਟਾਉਣ ਦੀ ਸਮਾਜ ਵਲੋਂ ਪਿਰਤ ਪਾਈ ਪਾ ਲਈ ਜਾਵੇ ਤਾਂ ਰੱਬ ਨਰਾਜ਼ ਨਹੀਂ ਹੋਣ ਲੱਗਾ, ਸਗੋਂ ਖੁਸ਼ ਹੀ ਹੋਵੇਗਾ।

ਬਿਨਾਂ ਸ਼ੱਕ ਜੀਵਨ ਅਨੇਕਾਂ ਕਸ਼ਟਾਂ ਵਿੱਚੋਂ ਗੁਜ਼ਰਦਾ ਹੈ, ਪਰ ਕਿਸੇ ਪਰੇਸ਼ਾਨੀ ਤੇ ਗ਼ਮ ਨੂੰ ਭੁਲਾਉਣ ਲਈ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਆਸਰਾ ਭਾਲਣਾ ਆਪਣੇ ਆਪ ਨੂੰ ਹੀ ਧੋਖਾ ਦੇਣਾ ਹੈ। ਨਸ਼ੇ ਵਿੱਚ ਟੁੰਨ ਹੋ ਕੇ ਘਰਵਾਲੀ ਤੇ ਬੱਚਿਆਂ ਨੂੰ ਬੋਲ-ਕੁਬੋਲ ਬੋਲਣੇ ਸਿਰੇ ਦੀ ਮੂਰਖਤਾ ਹੈ। ਇਹ ਰਾਹ ਬਰਬਾਦੀ ਵੱਲ ਜਾਂਦਾ ਹੈ ਤੇ ਜੀਵਨ ਦੀ ਨਿਰਾਰਥਕਤਾ ਦਾ ਪ੍ਰਤੀਕ ਹੈ। ਜ਼ਿੰਦਗੀ ਦੇ ਨਿੱਕੇ ਨਿੱਕੇ ਚਾਅ ਜੀਵਨ ਸਫ਼ਰ ਨੂੰ ਬੋਝ ਨਹੀਂ ਲੱਗਣ ਦਿੰਦੇ। ਪੰਜਾਬੀ ਸ਼ਾਇਰ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਵੀ ਮਨੁੱਖੀ ਜ਼ਿੰਦਗੀ ਪ੍ਰਤੀ ਇਹੀ ਸੰਦੇਸ਼ਾ ਦਿੰਦੀ ਹੈ-' ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁਹੰਦੇ ਨੇ, ਖੜੋਂਦੇ ਬੁੱਸਦੇ ਨੇ, ਕਿ ਪਾਣੀ ਵਗਦੇ ਹੀ ਰਹਿਣ।' ਜੇ ਜ਼ਿੰਦਗੀ ਰੂਪੀ ਪਾਣੀ ਵੀ ਨਿਰੰਤਰ ਵਹਿੰਦੇ ਰਹਿਣ ਤਾਂ ਜ਼ਿੰਦਗੀ ਜਿਉਣ ਦਾ ਅਮਲ ਸਾਰਥਿਕ ਹੋ ਨਿੱਬੜਦਾ ਹੈ।

❊ ❊ ❊ ❊ ❊



## ਝੂਠੀਆਂ ਤਸੱਲੀਆਂ

ਅਮਰੀਕ ਹਮਰਾਜ

ਸਾਨੂੰ ਝੂਠੀਆਂ ਤਸੱਲੀਆਂ ਨਾ ਰਹਿਮਤਾਂ ਦੀ ਲੋੜ,
ਸਾਨੂੰ ਰਹਿਣ ਦੇ ਗਰੀਬ ਸਾਨੂੰ ਤੰਗ ਰਹਿਣ ਦੇ।
ਕਾਜੂ ਪਿੰਨੀਆਂ ਬਦਾਮ ਦੇਖ ਚੱਲਦੇ ਲੰਗਰ,
ਇਹੋ ਜਿਹੇ ਅਸੀਂ ਨੰਗ ਸਾਨੂੰ ਨੰਗ ਰਹਿਣ ਦੇ।
ਜੇ ਹੋਵੇਂ ਕਿਤੇ ਰੱਬਾ ਮਿਹਰ ਕਰੀਂ ਸਾਡੇ ਉੱਤੇ,
ਤੇਗਾਂ ਸਾਡੀਆਂ ਦੇ ਉੱਤੇ ਲਾਲ ਰੰਗ ਰਹਿਣ ਦੇ।
ਸਾਨੂੰ ਆਉਂਦੇ ਨਹੀਂ ਹੱਕਾਂ ਲਈ ਨੱਕ ਰਗੜਾਉਣੇ,
ਸਾਡੇ ਲਿਖੀ ਹੋਈ ਲੇਖਾਂ ਵਿੱਚ ਜੰਗ ਰਹਿਣ ਦੇ।
ਦੇਵੀਂ ਉਚਿਆਂ ਘਰਾਣਿਆਂ ਦਾ ਆਸਰਾ ਵੈਰੀ ਨੂੰ,
ਇਹ ਬਾਜਾਂ ਵਾਲਾ ਸਾਡੇ ਅੰਗ ਸੰਗ ਰਹਿਣ ਦੇ।



Education

# PREPARATION OF PLEASING CAMPUS FOR LEARNING

Baldev Singh Mundra
Mumbai

Some students from rural areas do have some hesitation in mixing up with others. This may be addressed by creating a suitable and pleasant atmosphere in the school campus.

You (the students) may definitely agree that for learning of students the environment plays an important role. A pleasant surrounding can enhance the learning efficiency. Keeping this in mind a few steps as listed below may be of good help in this venture.

1. Getting up early in the morning (you) student should stand before the mirror and admire your image as it is the most handsome/ beautiful person on the earth. You are the unique person of your type and there is nobody else like you.

2. You must thank God for making you so handsome/beautiful and this automatically will bring a smile on your face.

3. Naturally you will like to maintain this beauty given by the Almighty.

4. You will like to then - (a) brush your teeth (b) take bath (c) comb your hair (d) dress properly- to look active and smart.

5. Eat well, healthy food to remain strong and fit as beauty rests on good health in addition to a cheerful attitude.

6. All of it will make you look active and smart.

7. This smart and disciplined person will exude self-confidence and will be ready to face any challenge.

8. You will inspire similar qualities in your siblings.

9. This handsome, active and smart individual will not have any inferiority complex at all.

10. This joyful, confident look will be a great source of happiness to the parents. They will see their child going to the school cheerfully.

11. You will thus be free from any hesitation or complex and will be ready to accept any challenge. In short you will find nothing is invincible for you.

You can give to the world, only what you have with you.

We see by now you have attained pleasing qualities accompanied by discipline and cleanliness thus you have abundance of smile that you may spare. Go on spreading cheer on your way. On reaching your school you shall find that your smile is welcomed by many and has made your school campus pleasant.

Your smile will be infectious and the campus will bear a look of festivity where all of you shall be happy to come together peacefully for your regular studies.

**IMPORTANCE OF HARD WORK.**

You very well know that mere wishful-thinking or day-dreaming will not achieve goals and that you will need to sincerely put in hard-work. The hard work combined with the guidance of your learned teachers who may be able to rectify any mistake in your workings and thus keep you on the right track. It needs *consistent* hard work for achievement of your goal. A person in a pleasant frame of mind within a pleasant campus will work willingly and enjoy the fruitful results.

Whereas an unwilling person will consider hard-work as a burden thus getting frustrated and demoralised leading to failure.

This condition is not limited to schools only but is applicable in all other industries.

Let us generate a pleasing and cordial environment for learning in our school as described above.

Proper education is the only way for ourselves to develop thus developing our community, our country.

❊ ❊ ❊ ❊ ❊



## ਗ਼ਜ਼ਲ

ਮਨਜੀਤ ਕੌਰ ਅੰਬਾਲਵੀ

ਲੰਘ ਚੁੱਕੇ ਵਕਤ ਦੀ ਧੁੰਦਲੀ ਜਿਹੀ ਤਸਵੀਰ ਹਾਂ,
ਚਾਹੇ ਕੁੱਝ ਵੀ ਨਾ ਸਹੀ, ਪਰ ਪੰਧ ਦੀ ਰਾਹਗੀਰ ਹਾਂ।

ਰਾਹ ਹੈ ਅੰਨ੍ਹਾਂ ਸਫ਼ਰ, ਮੰਜ਼ਿਲ ਨਾ ਕੋਈ ਠਾਹਰ ਹੈ,
ਅੱਜ ਤੱਕ ਅਜ਼ਮਾ ਰਹੀ ਬਸ ਆਪਣੀ ਤਕਦੀਰ ਹਾਂ।

ਕੀ ਪਤੈ ਇਸ ਬਾਗ ਦਾ ਮਾਲੀ ਹੈ ਕਿੱਥੇ ਟੁਰ ਗਿਆ,
ਬੱਦਲਾਂ ਦੀ ਕੁੱਖ 'ਚੋਂ ਲੱਭਦੀ ਤਦੇ ਤਾਂ ਨੀਰ ਹਾਂ।

ਵਾ-ਵਰੋਲਾ ਉੱਠਿਆ ਖ਼ੁਸ਼ੀਆਂ ਉਡਾ ਕੇ ਲੈ ਗਿਆ,
ਅੱਗ ਵਿੱਚ ਮਚਦੀ ਹੈ ਨਿੱਤ, ਜ਼ੰਨਤ ਜਹੀ 'ਕਸ਼ਮੀਰ' ਹਾਂ।

ਜ਼ਿੰਦਗੀ ਆਰਾਮ ਵਿੱਚ ਗੁਜ਼ਾਰੇ ਜਾਂ ਰੰਜੋ-ਗ਼ਮ ਸਹੀ,
ਵਕਤ ਦੇ ਸੰਗ ਤੁਰ ਰਹੀ ਇੱਕ ਖ਼ਾਬ ਦੀ ਤਾਬੀਰ ਹਾਂ।

❊ ❊ ❊ ❊ ❊

## ਸ਼ਰਧਾਂਜਲੀ



**ਸ. ਸੁਰਿੰਦਰ ਸਿੰਘ** (ਐਥਲੈਟਿਕ ਕੋਚ) ਵਾਸੀ ਪਿੰਡ ਮਸੀਤ ਪਲਕੋਟ, ਜ਼ਿਲ੍ਹਾ ਹੁਸ਼ਿਆਰਪੁਰ 16 ਅਪ੍ਰੈਲ 2022 ਨੂੰ ਅਕਾਲ ਚਲਾਣਾ ਕਰ ਗਏ ਹਨ। ਸੈਣੀ ਭਵਨ ਦੇ ਪ੍ਰਬੰਧਕ ਉਨ੍ਹਾਂ ਨੂੰ ਹਰਦਿਕ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਗੁਰਮੀਤ ਕੌਰ, ਪੁੱਤਰ ਸ. ਰਣਜੀਤ ਸਿੰਘ, ਪੁੱਤਰੀ ਡਾ. ਹਰਮੀਤ ਕੌਰ ਅਤੇ ਜਵਾਈ ਸ. ਤੇਜਦੀਪ ਸਿੰਘ ਸੈਣੀ (ਪੀ.ਸੀ.ਐੱਸ.) ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ।



## ਜੁਗਨੂੰ ਵਰਗਾ ਰਿਸ਼ਤਾ

ਸੁਰਿੰਦਰ ਕੌਰ ਸੈਣੀ

ਤੇਰਾ ਇਕ ਲਮਹੇ ਦਾ ਹਾਸਾ, ਵਰ੍ਹਿਆਂ 'ਚ ਲੱਭਦੇ ਰਹੇ,
ਤੇਰਾ ਜੁਗਨੂੰ ਵਰਗਾ ਰਿਸ਼ਤਾ, ਹਨੇਰਿਆਂ 'ਚ ਲੱਭਦੇ ਰਹੇ।

ਮੁਲਾਕਾਤ ਦੀ ਖ਼ਵਾਇਸ਼ ਨੂੰ, ਦਿਲ 'ਚ ਦਬਾਂਦੇ ਰਹੇ,
ਤੇਰਾ ਖੁਦਾ ਵਰਗਾ ਸਾਥ, ਹਕੀਕਤ 'ਚ ਲੱਭਦੇ ਰਹੇ।

ਖਾਮੋਸ਼ੀਆਂ ਮੇਰੀਆਂ 'ਤੇ, ਇਹ ਜਹਾਨ ਹੱਸਦਾ ਰਿਹਾ,
ਤੇਰਾ ਰੰਗੇ ਨੂਰ, ਸ਼ਾਇਰੀ ਦੇ ਵਰਕਿਆਂ ਤੇ ਲੱਭਦੇ ਰਹੇ।

ਤੇਰਾ ਗ਼ਮਾਂ ਦਾ ਹਸੀਨ ਤੋਹਫ਼ਾ, ਸਾਡੀ ਉਮਰ ਦੀ ਪੂੰਜੀ,
ਤੇਰਾ ਦਾਮਨ ਰੁਲਾਣ ਵਾਲੇ, ਖ਼ਿਆਲਾਂ 'ਚ ਲੱਭਦੇ ਰਹੇ।

ਦਿਲ ਦੀਆਂ ਉਦਾਸੀਆਂ 'ਚ, ਦੀਵਾਨੇ ਬਣ ਘੁੰਮਦੇ ਰਹੇ,
ਤੇਰਾ ਸੋਹਣਾ ਅਕਸ ਅੜਿਆ, ਫਿਜ਼ਾਵਾਂ 'ਚ ਲੱਭਦੇ ਰਹੇ।

ਬੜਾ ਥੱਕ ਗਏ ਹਾਂ ਸੱਜਣਾ, ਜ਼ਮਾਨੇ ਦੀਆਂ ਗਰਦਿਸ਼ਾਂ 'ਚ,
ਤੇਰਾ ਮਜ਼ਬੂਤ ਸਹਾਰਾ ਅਸੀਂ, ਉਮੀਦਾਂ 'ਚ ਲੱਭਦੇ ਰਹੇ।

❊ ❊ ❊ ❊ ❊



## ਗ਼ਜ਼ਲ

ਬਲਬੀਰ ਸਿੰਘ
ਸੈਣੀ, ਨੰਗਲ

ਜਦੋਂ ਝਾਂਜਰ ਛਣਕਦੀ ਹੈ, ਨਜ਼ਾਰਾ ਹੋਰ ਹੁੰਦਾ ਹੈ,
ਕਿਸੇ ਕੈਦੀ ਦੀ ਬੇੜੀ ਦਾ ਸ਼ਰਾਰਾ ਹੋਰ ਹੁੰਦਾ ਹੈ।

ਇਹ ਜਾਣਨ ਜਾਣਨੇ ਵਾਲੇ, ਇਹ ਸਮਝਣ, ਸਮਝਣੇ ਵਾਲੇ,
ਬੁਲਾਵਾ ਹੋਰ ਹੁੰਦਾ ਹੈ, ਇਸ਼ਾਰਾ ਹੋਰ ਹੁੰਦਾ ਹੈ।

ਤੂੰ ਛਿੱਲੜ ਚਾਰ ਦੇ ਕੇ, ਸਮਝ ਨਾ ਦਿੱਤਾ ਸਹਾਰਾ ਮੈਂ,
ਸਹਾਇਤਾ ਹੋਰ ਹੁੰਦੀ ਹੈ, ਸਹਾਰਾ ਹੋਰ ਹੁੰਦਾ ਹੈ।

ਜਿਨ੍ਹੂੰ ਦੋ ਵਕਤ ਦੀ ਰੋਟੀ ਦੇ ਲਾਲੇ ਹੋਣ, ਉਹ ਜਾਣੇ,
ਅਯਾਸ਼ੀ ਹੋਰ ਹੁੰਦੀ ਹੈ, ਗੁਜ਼ਾਰਾ ਹੋਰ ਹੁੰਦਾ ਹੈ।

ਤੇਰੀ ਹਸਤੀ ਹੈ ਕੀ 'ਸੈਣੀ' ਤੂੰ ਭੁੱਲਦਾ ਕਿਉਂ ਏਂ ਇਸ ਗੱਲ ਨੂੰ,
ਟਟਹਿਣਾ ਹੋਰ ਹੁੰਦਾ ਹੈ ਤੇ ਤਾਰਾ ਹੋਰ ਹੁੰਦਾ ਹੈ।

ਜੀਵਨ ਜਾਚ

# ਢਾਹੂ ਸੋਚ ਤੋਂ ਛੁਟਕਾਰਾ

ਡਾ. ਰਣਜੀਤ ਸਿੰਘ
ਲੁਧਿਆਣਾ



ਫ਼ਿਕਰ, ਤਣਾਉ, ਗੁੱਸਾ, ਹਉਮੈ, ਤ੍ਰਿਸ਼ਨਾ ਆਦਿ ਪੰਛੀ ਸਾਡੇ ਆਲੇ-ਦੁਆਲੇ ਉਡਦੇ ਫਿਰਦੇ ਹਨ। ਅਸੀਂ ਇਨ੍ਹਾਂ ਨੂੰ ਉੱਡਣ ਤੋਂ ਤਾਂ ਰੋਕ ਨਹੀਂ ਸਕਦੇ ਪਰ ਇਹ ਜ਼ਰੂਰ ਕਰ ਸਕਦੇ ਹਾਂ ਕਿ ਇਨ੍ਹਾਂ ਨੂੰ ਆਪਣੇ ਸਿਰ ਉੱਤੇ ਆਲ੍ਹਣੇ ਨਾ ਬਨਾਉਣ ਦੇਈਏ। ਜੇਕਰ ਇੱਕ ਵਾਰ ਇਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਆਲ੍ਹਣਾ ਪਾ ਲਿਆ ਤਾਂ ਫਿਰ ਉਸ ਨੂੰ ਤੋੜਨਾ ਔਖਾ ਹੋ ਜਾਵੇਗਾ, ਸਗੋ ਉਸ ਦੇ ਸਾਥੀ ਵੀ ਉਥੇ ਆਪਣਾ ਆਲ੍ਹਣਾ ਬਣਾ ਲੈਣਗੇ। ਉਡਦੇ ਫਿਰ ਰਹੇ ਇਨ੍ਹਾਂ ਪੰਛੀਆਂ ਨੂੰ ਵੇਖ ਜੇਕਰ ਕੋਈ ਘਬਰਾ ਜਾਂਦਾ ਹੈ ਤਾਂ ਇਸ ਦਾ ਲਾਭ ਉਠਾਉਦਿਆਂ ਹੋਇਆਂ ਉਹ ਉਸ ਕੋਲ ਹੀ ਬਸੇਰਾ ਕਰ ਲੈਂਦੇ ਹਨ। ਇਨ੍ਹਾਂ ਦੀਆਂ ਉਡਾਰੀਆਂ ਨੂੰ ਧੀਰਜ ਨਾਲ ਵੇਖਦਿਆਂ ਇਨ੍ਹਾਂ ਨੂੰ ਆਪਣੇ ਤੋਂ ਦੂਰ ਰੱਖਿਆ ਜਾ ਸਕਦਾ ਹੈ।

ਜਿਸ ਨੂੰ ਆਪਣੇ-ਆਪ ਉੱਤੇ ਭਰੋਸਾ ਹੈ ਉਹ ਆਤਮ-ਸ਼ਕਤੀ ਨਾਲ ਇਨ੍ਹਾਂ ਨੂੰ ਕਦੇ ਨੇੜੇ ਨਹੀਂ ਢੁੱਕਣ ਦੇਵੇਗਾ। ਜੇਕਰ ਧੀਰਜ ਦਾ ਪੱਲਾ ਛੱਡ, ਘਬਰਾਹਟ ਲੜ ਲੱਗ ਜਾਈਏ ਤਾਂ ਇਨ੍ਹਾਂ ਦਾ ਮੁਕਾਬਲਾ ਕਰਨਾ ਔਖਾ ਹੋ ਜਾਂਦਾ ਹੈ। ਮਨੁੱਖ ਵਿੱਚੋਂ ਸਵੈ-ਵਿਸ਼ਵਾਸ ਖਤਮ ਹੋਣ ਲੱਗਦਾ ਹੈ ਅਤੇ ਉਸ ਦਾ ਆਤਮ-ਸ਼ਕਤੀ ਤੋਂ ਭਰੋਸਾ ਮੁਕਣ ਲੱਗਦਾ ਹੈ। ਧੀਰਜ ਕੇਵਲ ਆਪਣੇ ਆਪ ਉੱਤੇ ਹੀ ਭਰੋਸਾ ਨਹੀਂ ਬਣਾਈ ਰੱਖਦਾ ਸਗੋਂ ਦੂਜਿਆਂ ਦਾ ਸਤਿਕਾਰ ਅਤੇ ਪਰਿਵਾਰਕ ਮੈਂਬਰਾਂ ਦਾ ਪਿਆਰ ਵੀ ਪ੍ਰਾਪਤ ਕਰ ਲੈਂਦਾ ਹੈ।

ਘਬਰਾਹਟ ਹੀ ਸਾਰੇ ਹਾਦਸਿਆਂ ਦਾ ਆਧਾਰ ਬਣਦੀ ਹੈ। ਆਤਮ-ਵਿਸ਼ਵਾਸ ਦੀ ਥਾਂ ਘਟੀਆਪਨ ਦਾ ਅਹਿਸਾਸ ਅੰਦਰ ਉਪਜਣਾ ਸ਼ੁਰੂ ਹੋ ਜਾਂਦਾ ਹੈ। ਇਹ ਅਹਿਸਾਸ ਵਿਕਾਸ ਦੇ ਰਾਹ ਦਾ ਰੋੜਾ ਬਣ ਜਾਂਦਾ ਹੈ। ਤਰੱਕੀ ਦੀਆਂ ਪੌੜੀਆਂ ਚੜ੍ਹਨ ਦੀ ਥਾਂ ਮਨੁੱਖ ਇੱਕੋ ਡੰਡੇ ਉੱਤੇ ਬੈਠ ਜਾਂਦਾ ਹੈ ਅਤੇ ਵਾਪਸ ਮੁੜਨ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਹ ਨਿਰਾਸ਼ਤਾ ਦੇ ਘੇਰੇ ਵਿਚ ਆ ਜਾਂਦਾ ਹੈ। ਨਿਰਾਸ਼ਾਵਾਦੀ ਮਨੁੱਖ ਜਿੱਤ ਦੀ ਥਾਂ ਹਾਰ ਬਾਰੇ ਸੋਚਣਾ ਸ਼ੁਰੂ ਕਰ ਦਿੰਦਾ ਹੈ। ਉਸ ਦੀ ਬੋਲਚਾਲ ਵਿੱਚੋਂ ਘਟੀਆਪਨ ਦੀ ਝਲਕ ਆਉਣ ਲੱਗ ਪੈਂਦੀ ਹੈ। ਮਨੁੱਖੀ ਸ਼ਖਸੀਅਤ ਉੱਤੇ ਘਟੀਆਪਨ ਦਾ ਬੁਰਾ ਪ੍ਰਭਾਵ ਪੈਂਦਾ ਹੈ। ਰਿਸ਼ਤੇ ਤਿੜਕਣੇ ਸ਼ੁਰੂ ਹੋ ਜਾਂਦੇ ਹਨ, ਵਤੀਰਾ ਬਦਲ ਜਾਂਦਾ ਹੈ ਅਤੇ ਚੰਗੀਆਂ ਆਦਤਾਂ ਦੂਰ ਹੋਣ ਲਗਦੀਆਂ ਹਨ। ਮਨੁੱਖ ਦੇ ਅੰਦਰਲਾ ਡਰ ਉਸ ਦੀ ਝਿਜਕ ਬਣ ਜਾਂਦਾ ਹੈ। ਹੌਲੀ ਹੌਲੀ ਇਹ ਝਿਜਕ ਉਸ ਨੂੰ ਆਪਣੇ ਘੇਰੇ ਵਿਚ ਲੈ ਲੈਂਦੀ ਹੈ ਅਤੇ ਇਨਸਾਨ ਇਸੇ ਘੇਰੇ ਵਿਚ ਘੁੰਮਦਾ ਰਹਿੰਦਾ ਹੈ। ਪਰੰਤੂ ਹਿੰਮਤ ਕਰਕੇ ਇਸ ਲਕਸ਼ਮਣ ਰੇਖਾ ਨੂੰ ਪਾਰ ਕਰਨ ਦਾ ਹੌਸਲਾ ਨਹੀਂ ਕਰ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇਕਰ ਮਨੁੱਖ ਦੇ ਮਨ ਵਿਚ ਹੀਣਤਾ ਦਾ ਅਹਿਸਾਸ ਘਰ ਕਰ ਜਾਵੇ ਤਾਂ ਉਸ ਤੋਂ ਸੁਰਖਰੂ ਹੋਣਾ ਬੜਾ ਔਖਾ ਹੋ ਜਾਂਦਾ ਹੈ। ਫਿਰ ਵੀ ਇਨਸਾਨ ਜੇਕਰ ਚਾਹੇ ਤਾਂ ਇਸ ਭਾਵ ਉੱਤੇ ਕਾਬੂ ਪਾ ਸਕਦਾ ਹੈ। ਕਿਸੇ ਵੀ ਬਿਮਾਰੀ ਦਾ ਉਦੋਂ ਤੱਕ ਇਲਾਜ ਨਹੀਂ ਹੋ ਸਕਦਾ ਜਦੋਂ ਤੱਕ ਉਸ ਦੇ ਕਾਰਨਾਂ ਨੂੰ ਨਾ ਲੱਭਿਆ ਜਾਵੇ। ਜੜ੍ਹ ਨੂੰ ਕੱਟਿਆਂ ਹੀ ਬਿਮਾਰੀ ਉੱਤੇ ਪੂਰੀ ਤਰ੍ਹਾਂ ਕਾਬੂ ਪਾਇਆ ਜਾ ਸਕਦਾ ਹੈ। ਇਸ ਲਈ ਇਹ ਵੇਖਣਾ ਜ਼ਰੂਰੀ ਹੈ ਕਿ ਹੀਣਤਾ ਦੀ ਭਾਵਨਾ ਮਨੁੱਖ ਵਿਚ ਕਿਉਂ ਜਨਮ ਲੈਂਦੀ ਹੈ।

ਕੋਈ ਵੀ ਮਨੁੱਖ ਸ਼ਾਇਦ ਅਜਿਹਾ ਨਹੀਂ ਹੋਵੇਗਾ ਜਿਸ ਵਿਚ ਸਾਰੀਆਂ ਹੀ ਚੰਗੀਆਂ ਜਾਂ ਸਾਰੀਆਂ ਹੀ ਮਾੜੀਆਂ ਆਦਤਾਂ ਹੋਣ। ਦੂਸਰਿਆਂ ਦੀਆਂ ਬੁਰੀਆਂ ਆਦਤਾਂ ਤਾਂ ਸਾਨੂੰ ਬਹੁਤ ਜਲਦੀ ਨਜ਼ਰ ਆ ਜਾਂਦੀਆਂ ਹਨ ਪਰੰਤੂ ਬਹੁਤ ਹੀ ਘੱਟ ਲੋਕ ਹਨ ਜਿਨ੍ਹਾਂ ਨੂੰ ਆਪਣੀਆਂ ਬੁਰੀਆਂ ਆਦਤਾਂ ਨਜ਼ਰ ਆਉਂਦੀਆਂ ਹੋਣ। ਅਸੀਂ ਦੂਜਿਆਂ ਦੀਆਂ ਕਈ ਆਦਤਾਂ ਪਸੰਦ ਨਹੀਂ ਕਰਦੇ ਅਤੇ ਇਹ ਸਮਝਦੇ ਹਾਂ ਕਿ ਉਨ੍ਹਾਂ ਦੀ ਆਲੋਚਨਾ ਕਰਨਾ ਸਾਡਾ ਜਨਮ-ਸਿੱਧ ਅਧਿਕਾਰ ਹੈ। ਪਰੰਤੂ ਆਪਣੀਆਂ ਭੈੜੀਆਂ ਆਦਤਾਂ ਵੱਲ ਝਾਤ ਮਾਰਨ ਦੀ ਕੋਸ਼ਿਸ਼ ਨਹੀਂ ਕਰਦੇ।

ਜੇਕਰ ਕਦੇ ਝਾਤ ਮਾਰਨ ਦੀ ਕੋਸ਼ਿਸ਼ ਕਰਦੇ ਵੀ ਹਾਂ ਤਾਂ ਉਸ ਨਜ਼ਰ ਨਾਲ ਨਹੀ ਵੇਖਦੇ ਜਿਸ ਨਾਲ ਅਸੀਂ ਦੂਜਿਆਂ ਨੂੰ ਪਰਖਦੇ ਹਾਂ। ਇਸੇ ਨਜ਼ਰ ਦੇ ਭੁਲੇਖੇ ਦੇ ਆਧਾਰ ਉੱਤੇ ਹਰ ਮਨੁੱਖ ਆਪਣੇ ਬਾਰੇ ਕੁੱਝ ਵਿਚਾਰ ਬਣਾ ਲੈਂਦਾ ਹੈ। ਇਹ ਸਵੈ-ਅਕਸ ਜਿੰਨਾਂ ਕੁ ਅਸਲੀਅਤ ਦੇ ਨੇੜੇ ਹੋਵੇਗਾ ਉਨਾਂ ਹੀ ਮਨੁੱਖ ਆਪਣੇ ਬਾਰੇ ਸਹੀ ਕਿਆਸ ਕਰ ਸਕੇਗਾ, ਨਹੀਂ ਤਾਂ ਉਹ ਗਲਤਫ਼ਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਅਸੀ ਹੋਰ ਕਿਸੇ ਨੂੰ ਇਹ ਹੱਕ ਨਹੀਂ ਬਖਸ਼ਦੇ ਕਿ ਸਾਡੀ ਮਨਜ਼ੂਰੀ ਬਿਨਾਂ ਇਸ ਵਿੱਚ ਕੋਈ ਤਬਦੀਲੀ ਕਰਨ ਦੀ ਜੁਰਅੱਤ ਕਰ ਸਕੇ। ਜੇਕਰ ਕੋਈ ਅਜਿਹੀ ਗੁਸਤਾਖੀ ਕਰਨ ਦੀ ਕੋਸ਼ਿਸ਼ ਕਰੇ ਤਾਂ ਅਸੀ ਉਸ ਨੂੰ ਦੁਸ਼ਮਣ ਸਮਝਣ ਲੱਗ ਪੈਂਦੇ ਹਾਂ। ਜੇਕਰ ਸਾਡੀ ਕਿਸੇ ਭੈੜੀ ਆਦਤ ਨੂੰ ਕੋਈ ਚਿਤਾਰ ਵੀ ਦੇਵੇ ਤਾਂ ਅਸੀ ਇਹ ਮੰਨਣ ਲਈ ਤਿਆਰ ਹੀ ਨਹੀ ਹੁੰਦੇ ਕਿ ਸਾਡੀ ਇਹ ਭੈੜੀ ਆਦਤ ਹੈ। ਆਪਣੇ ਅੰਦਰ ਝਾਤ ਮਾਰਦੇ ਰਹਿਣਾ ਮਹਾਨਤਾ ਦੀ ਨਿਸ਼ਾਨੀ ਹੈ। ਇਸ ਨਾਲ ਮਨੁੱਖ ਦੀ ਸ਼ਖਸੀਅਤ ਵਿੱਚ ਨਿਖਾਰ ਆਉਂਦਾ ਹੈ। ਅਸੀ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰ ਸਕਦੇ ਹਾਂ ਅਤੇ ਹੌਲੀ ਹੌਲੀ ਆਪਣੇ ਆਪ ਨੂੰ ਇੱਕ ਯੋਗ, ਸੱਚਾ-ਸੁੱਚਾ ਅਤੇ ਹਰਮਨਪਿਆਰਾ ਇਨਸਾਨ ਬਣਾ ਸਕਦੇ ਹਾਂ। ਆਪਣੀਆਂ ਗਲਤ ਆਦਤਾਂ ਨੂੰ ਸਹੀ ਸਿੱਧ ਕਰਨ ਦੀ ਥਾਂ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਨਹੀਂ ਤਾਂ ਜਦੋਂ ਲੋਕ ਸਾਡੀਆਂ ਆਦਤਾਂ ਪੜਚੋਲ ਕਰਨਗੇ ਉਦੋਂ ਜਾਂ ਤਾਂ ਅਸੀ ਉਨ੍ਹਾਂ ਦੇ ਗਲ ਪੈ

ਜਾਵਾਂਗੇ ਜਾਂ ਲੋਕਾਂ ਦੇ ਮੱਥੇ ਲੱਗਣੋਂ ਹੱਟ ਜਾਵਾਂਗੇ। ਇਹ ਦੋਵੇਂ ਸੁਭਾਅ ਘਟੀਆਪਣ ਦੇ ਅਹਿਸਾਸ ਦੀ ਉਪਜ ਹਨ। ਹੌਲੀ ਹੌਲੀ ਮਨੁੱਖ ਦੇ ਮਨ ਵਿੱਚ ਡਰ ਅਤੇ ਨਿਰਾਸ਼ਤਾ ਘਰ ਕਰ ਲੈਂਦੀ ਹੈ।

ਜਦੋਂ ਅਸੀ ਜੋ ਕੁਝ ਚਾਹੁੰਦੇ ਹਾਂ ਉਹ ਨਾ ਮਿਲੇ ਜਾ ਉਸ ਦੀ ਪ੍ਰਾਪਤੀ ਦੇ ਰਾਹ ਵਿੱਚ ਰੋੜੇ ਹੋਣ ਤਾਂ ਮਾਯੂਸੀ ਹੁੰਦੀ ਹੈ ਅਤੇ ਗੁੱਸਾ ਆਉਂਦਾ ਹੈ ਜਦੋਂ ਮਨੁੱਖ ਗੁੱਸੇ ਵਿੱਚ ਹੁੰਦਾ ਹੈ, ਤਾਂ ਉਸ ਦੀ ਭੌਤਿਕ ਕ੍ਰਿਆ ਤੇਜ਼ ਹੋ ਜਾਂਦੀ ਹੈ ਅਤੇ ਇੱਕ ਰਸਾਇਣ ਜਿਸ ਨੂੰ ਐਂਡਰੀਨਾਲਿਨ ਆਖਿਆ ਜਾਂਦਾ ਹੈ, ਪੈਦਾ ਹੁੰਦਾ ਹੈ। ਇਹ ਸਰੀਰ ਨੂੰ ਇੱਕ ਵਿਸ਼ੇਸ਼ ਫੁਰਤੀ ਦਿੰਦਾ ਹੈ, ਉਦੋਂ ਮਨੁੱਖ ਵਿੱਚ ਅਥਾਹ ਸ਼ਕਤੀ ਆ ਜਾਂਦੀ ਹੈ। ਜਦੋਂ ਅਚਾਨਕ ਕਿਸੇ ਖਤਰੇ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਮੁਕਾਬਲਾ ਇੰਨੀ ਸ਼ਕਤੀ ਨਾਲ ਕਰਦੇ ਹਾਂ ਕਿ ਸਾਨੂੰ ਆਪ ਯਕੀਨ ਨਹੀਂ ਹੁੰਦਾ ਕਿ ਸਭ ਕੁਝ ਅਸੀਂ ਆਪ ਹੀ ਕਰ ਰਹੇ ਹਾਂ। ਇਸ ਨਵੀਂ ਸ਼ਕਤੀ ਦਾ ਨਿਕਾਸ ਜ਼ਰੂਰੀ ਹੈ ।

ਸਰੀਰਕ ਖਤਰੇ ਦਾ ਮੁਕਾਬਲਾ ਕਰਦੇ ਹੋਏ ਸਾਡੀ ਇਸ ਸ਼ਕਤੀ ਦਾ ਨਿਕਾਸ ਹੋ ਜਾਂਦਾ ਹੈ ਪਰ ਮਾਨਸਿਕ ਜਾਂ ਸਮਾਜਿਕ ਖਤਰੇ ਸਮੇਂ ਕਈ ਵਾਰ ਸਾਨੂੰ ਸਵੈ-ਕਾਬੂ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਬਹੁਤ ਝੁੰਝਲਾਹਟ ਹੁੰਦੀ ਹੈ। ਮਨ ਕਰਦਾ ਹੈ ਕਿ ਜੋ ਕੁਝ ਵੀ ਸਾਡੇ ਸਾਹਮਣੇ ਹੈ ਉਸ ਨੂੰ ਤੋੜ ਦੇਈਏ। ਜੇਕਰ ਇਹ ਗੁੱਸਾ ਕਿੱਤੇ ਖਾਰਜ ਨਾ ਹੋਵੇ ਤਾ ਇਹ ਅੰਦਰ ਹੀ ਰਹਿੰਦਾ ਹੈ ਅਤੇ ਹੌਲੀ-ਹੌਲੀ ਮਨੁੱਖ ਨੂੰ ਚਿੜਚਿੜਾ ਬਣਾ ਦਿੰਦਾ ਹੈ। ਜਦੋ ਅਸੀਂ ਆਪਣੇ ਸਵੈ-ਅਕਸ ਨੂੰ ਖਤਰਾ ਮਹਿਸੂਸ ਕਰਦੇ ਹਾਂ ਉਦੋਂ ਅਸੀ ਜਾਂ ਤਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਾਂ ਜਾਂ ਡਰ ਕੇ ਅਗਲੇ ਦੇ ਮੱਥੇ ਲੱਗਣੋ ਹਟ ਜਾਦੇ ਹਾਂ। ਇਹ ਦੋਵੇਂ ਸਥਿਤੀਆਂ ਭੈੜੀਆਂ ਹਨ। ਦੋਵਾਂ ਦਾ ਅੰਤ ਨਿਰਾਸ਼ਤਾ ਵਿੱਚ ਹੁੰਦਾ ਹੈ ।

ਢਾਹੂ ਕਿਸਮ ਦੇ ਗੁੱਸੇ ਤੋਂ ਖਹਿੜਾ ਛਡਾਉਣਾ ਚਾਹੀਦਾ ਹੈ। ਮਨੁੱਖ ਨੂੰ ਮੰਨ ਲੈਣਾ ਚਾਰੀਦਾ ਹੈ ਕਿ ਉਸ ਨੂੰ ਗੁੱਸਾ ਆਉਂਦਾ ਹੈ ਪਰ ਇਸ ਸ਼ਕਤੀ ਨੂੰ ਉਸਾਰੀ ਦੇ ਕੰਮਾਂ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਦੋਵੇਂ ਹਾਲਾਤਾਂ ਵਿਚ ਡਰ ਹੀ ਸਾਡਾ ਆਧਾਰ ਹੁੰਦਾ ਹੈ। ਇਹ ਡਰ ਫ਼ੇਲ੍ਹ ਹੋਣ ਦਾ ਹੋ ਸਕਦਾ ਹੈ, ਇਹ ਡਰ ਤ੍ਰਿਸਕਾਰੇ ਜਾਣ ਦਾ ਹੋ ਸਕਦਾ ਹੈ ਜਾਂ ਡਾਂਟ-ਡਪਟ ਦਾ ਵੀ ਹੋ ਸਕਦਾ ਹੈ। ਡਰ ਫ਼ਿਕਰ ਨੂੰ ਜਨਮ ਦਿੰਦਾ ਹੈ। ਕਈ ਵਾਰ ਫ਼ਿਕਰ ਦੀ ਵਿਆਖਿਆ ਨਹੀਂ ਹੋ ਸਕਦੀ ਪਰ ਮਨੁੱਖ ਅੰਦਰੋਂ-ਅੰਦਰ ਹੀ ਘੁਲਦਾ ਰਹਿੰਦਾ ਹੈ।

ਜਦੋਂ ਵੀ ਸਾਨੂੰ ਹੀਣ-ਭਾਵਨਾ ਹੋਵੇ ਤਾਂ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਅਸੀਂ ਕਿਸ ਤੋਂ ਅਤੇ ਕਿਵੇਂ ਘਟੀਆ ਹਾਂ? ਕਦੇ ਨਾ ਕਦੇ ਕਿਸੇ ਵਿਸ਼ੇਸ਼ ਪ੍ਰਸਥਿਤੀ ਵਿਚ ਮਨੁੱਖ ਨੂੰ ਘਟੀਆਪਨ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਪਰੰਤੂ ਜੇਕਰ ਇਸ ਨੂੰ ਸਥਾਈ ਸੱਚ ਮੰਨ ਲਿਆ ਜਾਵੇ ਤਾਂ ਅਸੀਂ ਲੋਕਾਂ ਨੂੰ ਮਿਲਣ ਤੋਂ ਸੰਕੋਚ ਕਰਾਂਗੇ, ਕਿਸੇ ਵੀ ਮੁਕਾਬਲੇ ਵਿਚ ਨਹੀਂ ਜਾਵਾਂਗੇ ਅਤੇ ਨਾ ਹੀ ਕਿਸੇ ਨਾਲ ਸਹਿਯੋਗ ਕਰਾਂਗੇ। ਸਾਡੇ ਅੰਦਰ ਇੱਕ ਅਜਿਹਾ ਡਰ ਘਰ ਕਰ ਜਾਵੇਗਾ ਕਿ ਅਸੀਂ ਹਰ ਪਾਸਿਓਂ ਪਿੱਛਾ ਛੁਡਾਉਣ ਦਾ ਯਤਨ ਹੀ ਕਰਦੇ ਰਹਾਂਗੇ। ਕਾਮਯਾਬੀ ਦੀ ਆਸ ਨਾਲੋਂ ਨਾਕਾਮਯਾਬੀ ਦਾ ਡਰ ਵੱਧ ਹੋਵੇਗਾ। ਕਿਸੇ ਵੀ ਨਵੇਂ ਕੰਮ ਨੂੰ ਕਰਨ ਦਾ ਹੌਂਸਲਾ ਨਹੀਂ ਪਵੇਗਾ, ਲੋਕਾਂ ਵਿਚਕਾਰ ਜਾਣ ਤੋਂ ਡਰ ਲੱਗੇਗਾ ਅਤੇ ਇਕੱਲਤਾ ਵੀ ਖਾਣ ਨੂੰ ਆਵੇਗੀ।

ਇੱਕ ਵਾਰ ਜੇਕਰ ਕਿਤੇ ਹਾਰ ਦਾ ਮੂੰਹ ਵੇਖਣਾ ਪੈ ਜਾਵੇ ਤਾਂ ਕਈ ਵਿਅਕਤੀ ਮੈਦਾਨ ਛੱਡ ਜਾਂਦੇ ਹਨ। ਮੁੜ ਕੁੱਝ ਨਵੀਂ ਕਰਨ ਦਾ ਹੌਸਲਾ ਹੀ ਨਹੀਂ ਪੈਂਦਾ। ਇਹ ਮੰਨ ਲਿਆ ਜਾਂਦਾ ਹੈ ਕਿ ਮੇਰੇ ਵਿਚ ਸਮਰੱਥਾ ਦੀ ਘਾਟ ਹੈ। ਇਸ ਕਰਕੇ ਉੱਤਮ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ। ਢੇਰੀ ਢਾਹ ਕੇ ਬੈਠੇ ਵਿਅਕਤੀ ਖੜ੍ਹੇ ਪਾਣੀ ਵਾਂਗ ਹੋ ਜਾਂਦੇ ਹਨ। ਹਾਰ ਤੇ ਘਬਰਾਉਣਾ ਨਹੀਂ ਚਾਹੀਦਾ ਸਗੋਂ ਇਸ ਤੋਂ ਪ੍ਰੇਰਨਾ ਲੈਣੀ ਚਾਰੀਦੀ ਹੈ। ਜੇਕਰ ਸਫ਼ਲਤਾ ਲਹੀਂ ਮਿਲੀ ਤਾਂ ਨਿਰਾਸ਼ ਹੋਣ ਦੀ ਥਾਂ ਅਸਫ਼ਲਤਾ ਲਈ ਜ਼ਿੰਮੇਵਾਰ ਕਾਰਨਾਂ ਦੀ ਘੋਖ ਕਰੋ, ਇਹਨਾਂ ਕਮੀਆਂ ਨੂੰ ਦੂਰ ਕਰੋ। ਸਫ਼ਲਤਾ ਆਪਣੇ ਆਪ ਪ੍ਰਾਪਤ ਹੋ ਜਾਵੇਗੀ।

ਜੀਵਨ ਵਿਚ ਉਨਤੀ ਲਈ ਅੱਗੇ ਵਧਣਾ ਜ਼ਰੂਰੀ ਹੈ। ਜੇਕਰ ਹਾਰ ਦਾ ਡਰ ਮਨ ਵਿਚ ਬੈਠਾ ਹੋਵੇ ਤਾਂ ਮਨੁੱਖ ਕਦੇ ਵੀ ਅੱਗੇ ਵਧਣ ਦੀ ਹਿੰਮਤ ਨਹੀਂ ਕਰੇਗਾ। ਜੀਵਨ ਵਿਚ ਤਰੱਕੀ ਲਈ ਖਤਰੇ ਤਾਂ ਸਹੇੜਨੇ ਹੀ ਪੈਂਦੇ ਹਨ। ਸੋਚ ਸਮਝ ਕੇ ਕੀਤੇ ਯਤਨ ਆਮ ਤੌਰ 'ਤੇ ਸਫਲ ਹੀ ਹੁੰਦੇ ਹਨ। ਉੱਦਮ ਹੀ ਮਨੁੱਖੀ ਸ਼ਕਤੀ ਹੈ। ਆਲਸੀ ਕਦੇ ਆਪਣੀ ਮੰਜ਼ਿਲ ਉੱਤੇ ਨਹੀਂ ਪੁੱਜ ਸਕਦੇ।

ਜਿਹੜਾ ਕੰਮ ਕੱਲ੍ਹ ਉੱਤੇ ਛੱਡ ਦਿੱਤਾ ਜਾਵੇ ਉਸ ਦੇ ਪੂਰਾ ਹੋਣ ਦੀ ਸੰਭਾਵਨਾ ਘੱਟ ਹੀ ਹੁੰਦੀ ਹੈ ਕਿਉਂਕਿ ਕੱਲ੍ਹ ਤਾਂ ਕਦੇ ਆਉਂਦੀ ਹੀ ਨਹੀਂ। ਭਵਿੱਖ ਬਾਰੇ ਸੋਚੋ, ਅੱਜ ਦਾ ਆਨੰਦ ਮਾਣੋ ਤੇ ਜੀਵਨ ਦਾ ਕੋਈ ਟੀਚਾ ਮਿੱਥੋ। ਲਕਸ਼ ਤੋਂ ਬਿਨਾਂ ਜੀਵਨ ਪਤਵਾਰ ਰਹਿਤ ਬੇੜੀ ਵਾਂਗ ਹੈ ਜਿਸ ਦੀ ਗਤੀ ਅਤੇ ਰੁੱਖ ਲਹਿਰਾਂ ਉੱਤੇ ਨਿਰਭਰ ਕਰਦਾ ਹੈ। ਮਨੁੱਖ ਵਿਚੋਂ ਹਾਰ ਦੇ ਡਰ ਨੂੰ ਦੂਰ ਰੱਖਣ ਲਈ ਸੰਗਤ ਦਾ ਅਸਰ ਵੀ ਹੁੰਦਾ ਹੈ। ਜੇਕਰ ਸੰਗੀ-ਸਾਥੀ ਹਿੰਮਤੀ ਤੇ ਮਿਹਨਤੀ ਹੋਣਗੇ ਤਾਂ ਉਹ ਹਮੇਸ਼ਾਂ ਉੱਦਮ ਕਰਨ ਲਈ ਹੱਲਾਸ਼ੇਰੀ ਦਿੰਦੇ ਰਹਿਣਗੇ।

ਡਰ ਫਿਕਰ ਨੂੰ ਜਨਮ ਦਿੰਦਾ ਹੈ ਤੇ ਫਿਕਰ ਢਾਹੂ ਸੋਚ ਦਾ ਕਾਰਨ ਬਣਦਾ ਹੈ। ਡਰ ਨੂੰ ਦੂਰ ਰੱਖੋ।

* * * * *

ਕਾਬਲੀ ਹਰਭਜਨ ਸਿੰਘ ਸੈਣੀ ਵਾਸੀ ਲੰਡਨ ਨੇ ਚੌਧਰੀ ਸ਼ਿਵ ਲਾਲ ਸੈਣੀ ਜੀ ਨਿਵਾਸੀ ਬਕਰਵਾਲਾ (ਗੁਰਦਾਸਪੁਰ) ਵੱਲੋਂ ਉਰਦੂ ਵਿੱਚ ਲਿਖੀ ਪੁਸਤਕ 'ਤਵਾਰੀਖ ਕੌਮ ਸ਼ੂਰ ਸੈਣੀ' ਦਾ ਪੰਜਾਬੀ ਵਿੱਚ ਅਨੁਵਾਦ ਕਰਕੇ ਪੁਸਤਕ 'ਸ਼ੂਰ ਸੈਣੀ ਸਮਾਜ ਦਾ ਇਤਿਹਾਸ' ਪ੍ਰਕਾਸ਼ਿਤ ਕਰਵਾਈ ਹੈ। ਉਨ੍ਹਾਂ ਨੂੰ ਇਸ ਇਤਿਹਾਸਿਕ ਕਾਰਜ ਲਈ ਬਹੁਤ-ਬਹੁਤ ਵਧਾਈ ਹੋਵੇ।

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

# ਸੈਣੀ ਸੰਸਾਰ
# Saini Sansar

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001